# FARM AND SPICE

Open 7 Days a Week
8.30 am to 9.00 pm

## SPECIAL OFFERS: 15-21 DEC

Daily Specials on f ◎

ਹਰੇ ਪਿਆਜ਼
Green Onion
69¢ each

ਆਵੋਕਾਡੋ
Avocado
99¢ each

ਐਂਬ੍ਰੋਸੀਆ ਸੇਬ
Ambrosia BC Apple
99¢ /lb

ਧਨੀਆ
Cilantro
69¢ each

ਚੁਕੰਦਰ
Beets
$1.29 /lb

ਸੇਬ ਲਾਲ ਬੀ ਸੀ
Gala Red Delicious BC
99¢ /lb

ਲੈਟਿਸ ਹੈੱਡ
Lettuce Head
$1.99 each

ਜ਼ੁਕੀਨੀ
Zuchinni
$1.49 /lb

ਸਰੋਂ ਦਾ ਸਾਗ
Sohna Saron Da Saag
850g
$3.99 each

ਅਨਾਰ
Pomegranate
$2.99 each

ਪਾਲਕ
Spinach
$1.49 /each

ਐਸੋਟਿਡ ਰੱਸ
Aap Ki Pasand Assorted Rusk
600g
$3.99 each

ਸਰੌਂ ਦਾ ਤੇਲ
Gagan Mustard Oil
250ml $1.49 each
1ltr $4.99 each

ਮੇਰੀ ਚਾਹ
Meri Chai Tea Bags
216Bags
$5.49 each

ਹੀਰ ਵੇਸਣ
Heer Besan
4lb
$3.99 each

ਅਖ਼ਰੋਟ
Walnuts Bulk
$4.49 /lb

## AMA Products at lowest Price

Disposable 7' Spoons
20pcs $1.29 each

7' Round Plates
40pcs $3.99 each

9 oz paper cups
50pcs $3.99 each

6 Compartment cornstarch trays
40pcs $9.99 each

ਪਾਰਲੀਮੈਂਟ ਚਾਵਲ
Parliament Basmati Rice
8 lb
$7.99 each

ਇੰਡੀਆ ਐਟ ਹੋਮ ਚਾਵਲ
India at Home Basmati Rice
8lb
$7.99 each

ਹੀਰ ਖੰਡ
Heer Sugar White/Brown
8 lb
$6.99 each

ਕ੍ਰਾਊਨ ਤੇਲ
Crown Sunflower Oil
3 ltr
$12.99 each

**#9546-9548 Scott Town Plaza 96 Ave Scott Road Surrey**
**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਹਿੰਦੁਸਤਾਨ ਮੁਲਕ ਲਈ ਸਿੱਖ ਕੌਮ ਵੱਲੋਂ ਦਿੱਤੀਆ ਕੁਰਬਾਨੀਆਂ ਵਿਚ ਵੱਡਾ ਹਿੱਸਾ ਹੋਣ ਦੇ ਬਾਵਜੂਦ ਬਾਹਰਲੇ ਮੁਲਕਾਂ ਵਿਚ ਸਿੱਖਾਂ ਦਾ ਕਤਲੇਆਮ ਕਰਨ ਦੀ ਨੀਤੀ ਅਤਿ ਨਿੰਦਣਯੋਗ:ਮਾਨ

## ਇੰਡੀਆ ਦੀ ਰੱਖਿਆ ਵਿਚ ਫ਼ੌਜੀ ਵਿਧਵਾਵਾਂ ਦੀ 6,98,252 ਗਿਣਤੀ ਪੰਜਾਬ ਸੂਬੇ ਦੀ

ਤੋ ਬਾਅਦ ਫ਼ੌਜੀਆਂ ਦੀ ਸ਼ਹਾਦਤ ਗਿਣਤੀ ਜੇਕਰ ਸਭ ਤੋ ਵੱਧ ਕਿਸੇ ਸੂਬੇ ਦੀ ਹੈ, ਉਹ ਪੰਜਾਬ ਸੂਬੇ ਦੀ ਹੈ । ਫ਼ੌਜ ਦੇ ਰਿਕਾਰਡ ਅਨੁਸਾਰ ਜੋ ਬੀਤੇ ਦਿਨੀਂ ਇੰਡੀਆ ਦੀ ਰੱਖਿਆ ਵਿਜਾਰਤ ਨੇ ਮੁਲਕ ਵਿਚ ਫ਼ੌਜੀ ਵਿਧਵਾਵਾਂ ਦੀ ਗਿਣਤੀ ਨਸਰ ਕੀਤੀ ਹੈ ਉਸ ਵਿਚ 6,98,252 ਵਿਧਾਵਵਾਂ ਤਿੰਨੇ ਫ਼ੌਜਾਂ ਵਿਚ ਪੰਜਾਬ ਸੂਬੇ ਦੀਆਂ ਹਨ। ਜਿਸ ਵਿਚ ਸਿੱਖ ਕੌਮ ਦੀ ਬਹੁਤ ਵੱਡੀ ਨਫਰੀ ਹੈ। ਦੂਸਰਾ ਅੱਜ ਤੱਕ ਦੇ ਇਤਿਹਾਸ ਵਿਚ ਮਨੁੱਖਤਾ, ਸਮਾਜਿਕ ਕਦਰਾਂ-ਕੀਮਤਾਂ, ਔਖੇ ਸਮੇ ਵੱਡੇ ਜੋਖਮ ਲੈਕੇ ਉੱਦਮ ਕਰਨ ਵਾਲੇ ਸਿੱਖਾਂ ਦੀ ਵੱਡੀ ਗਿਣਤੀ ਰਹੀ ਹੈ । ਜਿਸ ਪੰਜਾਬ ਸੂਬੇ ਤੇ ਸਿੱਖ ਕੌਮ ਦੀ ਇਸ ਮੁਲਕ ਲਈ ਦਿੱਤੀਆ ਕੁਰਬਾਨੀਆ ਵਿਚ ਵੱਡਾ ਹਿੱਸਾ ਰਿਹਾ ਹੋਵੇ ਅਤੇ ਜਿਸ ਸੂਬੇ ਦੀਆਂ ਫ਼ੌਜੀ ਵਿਧਾਵਾਵਾਂ ਦੀ ਗਿਣਤੀ ਵੀ ਸਭ ਤੋ ਵੱਧ ਹੈ, ਉਸ ਸੂਬੇ ਤੇ ਉਸ ਸਿੱਖ ਕੌਮ ਦੀ ਨੌਜਵਾਨੀ ਨੂੰ ਮੌਜੂਦਾ ਸਮੇ ਦੀ ਸੈਂਟਰ ਦੀ ਬੀਜੇਪੀ-ਆਰ.ਐਸ.ਐਸ ਹਕੂਮਤ ਵੱਲੋ ਇੰਡੀਆ ਵਿਚ ਅਤੇ ਇੰਡੀਆ ਤੋ ਬਾਹਰਲੇ ਮੁਲਕਾਂ ਵਿਚ ਸਿੱਖਾਂ ਨੂੰ ਆਪਣੀਆ ਏਜੰਸੀਆ ਰਾਅ, ਆਈ.ਬੀ, ਮਿਲਟਰੀ ਇੰਨਟੈਲੀਜੈਸ, ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ ਦੇ ਰਾਹੀ ਸਾਜਸੀ ਢੰਗਾਂ ਰਾਹੀ ਮਰਵਾਉਣ ਦੇ ਅਮਲ ਕੀਤੇ ਜਾਣ, ਇਹ ਤਾਂ ਸਿੱਖ ਕੌਮ ਨਾਲ ਹੁਕਮਰਾਨਾਂ ਵੱਲੋ ਇਕ ਬਹੁਤ ਹੀ ਵੱਡੀ ਜਿਆਦਤੀ ਜਾਂ ਬੇਇਨਸਾਫ਼ੀ ਹੀ




ਨਹੀ ਬਲਕਿ ਇਕ ਸ਼ਰਮਨਾਕ ਕਾਰਾ ਹੈ।ਜੋ ਇੰਡੀਆ ਦੇ ਨਾਮ ਤੇ ਕੌਮਾਂਤਰੀ ਪੱਧਰ ਤੇ ਕਾਲਾ ਧੱਬਾ ਹੈ।ਸਾਨੂੰ ਇਹ ਸਮਝ ਨਹੀ ਆਉਦੀ ਕਿ ਮੌਜੂਦਾ ਬੀਜੇਪੀ-ਆਰ.ਐਸ.ਐਸ ਹਕੂਮਤ ਨੇ ਨਿਰਦੋਸ਼ ਸਿੱਖਾਂ ਨੂੰ ਇੰਡੀਆ ਵਿਚ ਬਾਹਰਲੇ ਮੁਲਕਾਂ ਵਿਚ ਮਾਰਨ ਦੀ ਨੀਤੀ ਕਿਉਂ ਅਪਣਾਈ ਹੋਈ ਹੈ ?"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਇੰਡੀਆ ਦੀ ਰੱਖਿਆ ਵਿਜਾਰਤ ਵੱਲੋ ਆਪਣੇ ਮੁਲਕ ਦੀਆਂ ਫ਼ੌਜੀ ਵਿਧਵਾਵਾਂ ਦੀ ਗਿਣਤੀ ਦਾ ਰਿਕਾਰਡ ਨਸਰ ਕਰਦੇ ਹੋਏ ਪੰਜਾਬ ਦੀਆਂ ਸਭ ਤੋ ਵੱਧ ਵਿਧਵਾਵਾਂ ਹੋਣ ਅਤੇ ਸਿੱਖ ਕੌਮ ਵੱਲੋ ਹਰ ਖੇਤਰ ਵਿਚ ਕੁਰਬਾਨੀਆ ਤੇ ਸ਼ਹਾਦਤਾਂ ਦੇਣ ਉਪਰੰਤ ਵੀ ਇੰਡੀਆ ਦੇ ਹੁਕਮਰਾਨਾਂ ਵੱਲੋਂ ਸਿੱਖਾਂ ਨੂੰ ਪੰਜਾਬ-ਇੰਡੀਆ ਅਤੇ ਬਾਹਰਲੇ ਮੁਲਕਾਂ ਵਿਚ ਨਿਸ਼ਾਨਾਂ ਬਣਾਕੇ ਸਾਜਸੀ ਢੰਗਾਂ ਰਾਹੀ ਮਰਵਾਉਣ ਦੀਆਂ ਨੀਤੀਆ ਤੇ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸ ਅਮਲ ਨੂੰ ਅਤਿ ਸ਼ਰਮਨਾਕ ਅਤੇ ਮਨੁੱਖਤਾ ਦੇ ਨਾਮ ਤੇ ਕਾਲਾ ਧੱਬਾ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਵੇਰਵਾ ਦਿੰਦੇ ਹੋਏ ਕਿਹਾ ਕਿ ਬੀਤੇ ਕੁਝ ਸਮੇ ਵਿਚ ਹੀ ਕੈਨੇਡਾ ਦੇ ਨਾਗਰਿਕ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ, ਬਰਤਾਨੀਆ ਵਿਚ ਅਵਤਾਰ ਸਿੰਘ ਖੰਡਾ, ਪਾਕਿਸਤਾਨ ਵਿਚ ਪਰਮਜੀਤ ਸਿੰਘ ਪੰਜਵੜ, ਲਖਬੀਰ ਸਿੰਘ ਰੋਡੇ ਅਤੇ ਇੰਡੀਆ ਦੇ ਹਰਿਆਣੇ ਵਿਚ ਦੀਪ ਸਿੰਘ ਸਿੱਧੂ ਤੇ ਪੰਜਾਬ ਵਿਚ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ ਉਪਰੋਕਤ ਇੰਡੀਅਨ ਏਜੰਸੀਆ ਅਤੇ ਇੰਡੀਆ ਦੇ ਕੌਮੀ ਸੁਰੱਖਿਆ ਸਲਾਹਕਾਰ ਸ੍ਰੀ ਅਜੀਤ ਡੋਵਾਲ ਰਾਹੀ ਨਿਸ਼ਾਨਾਂ ਬਣਾਕੇ ਮਰਵਾਇਆ ਗਿਆ ਹੈ।ਇਹ ਹੋਰ ਵੀ ਦੁੱਖ ਤੇ ਅਫਸੋਸ ਵਾਲੇ ਅਮਲ ਹਨ ਕਿ ਉਪਰੋਕਤ ਸਭ ਕਾਤਲ ਇੰਡੀਅਨ ਏਜੰਸੀਆ ਅਤੇ ਸੁਰੱਖਿਆ ਸਲਾਹਕਾਰ ਕੇਵਲ ਤੇ ਕੇਵਲ ਇੰਡੀਆ ਦੇ ਵਜੀਰ-ਏ-ਆਜਮ ਨੂੰ ਜੁਆਬਦੇਹ ਹਨ ਨਾ ਕਿ ਇੰਡੀਆ ਦੀ ਪਾਰਲੀਮੈਂਟ ਨੂੰ।ਇਥੋ ਤੱਕ ਉਪਰੋਕਤ ਏਜੰਸੀਆ, ਇੰਡੀਅਨ ਪਾਰਲੀਮੈਂਟ ਨੂੰ ਨਾ ਤਾਂ ਜੁਆਬਦੇਹ ਹਨ ਅਤੇ ਨਾ ਹੀ ਇਨ੍ਹਾਂ ਵੱਲੋ ਜੋ ਕਰੋੜਾਂ-ਅਰਬਾਂ ਰੁਪਏ ਦੇ ਗੁਪਤ ਫੰਡ ਰੱਖੇ ਜਾਂਦੇ ਹਨ, ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਹਿਸਾਬ-ਕਿਤਾਬ ਹੁੰਦਾ ਹੈ।

ਜਦੋਕਿ ਜਿਵੇ ਹੋਰ ਸਭ ਸਿਆਸੀ ਅਹੁਦੇਦਾਰ ਅਤੇ ਸੰਸਥਾਂਵਾਂ ਪਾਰਲੀਮੈਂਟ ਨੂੰ ਆਪਣੇ ਕੀਤੇ ਕੰਮਾਂ ਲਈ ਜੁਆਬਦੇਹ ਹਨ, ਉਸੇ ਤਰ੍ਹਾਂ ਉਪਰੋਕਤ ਸਿੱਖ ਕੌਮ ਦੀਆਂ ਇਹ ਕਾਤਲ ਏਜੰਸੀਆ ਵੀ ਆਪਣੇ ਵੱਲੋ ਕੀਤੇ ਜਾਣ ਵਾਲੇ ਗੈਰ ਕਾਨੂੰਨੀ ਅਤੇ ਅਣਮਨੁੱਖੀ ਕੰਮਾਂ ਲਈ ਪਾਰਲੀਮੈਂਟ ਨੂੰ ਜਿਥੇ ਜੁਆਬਦੇਹ ਹੋਣੇ ਚਾਹੀਦੇ ਹਨ, ਉਥੇ ਇਨ੍ਹਾਂ ਦੇ ਫੰਡਾਂ ਦਾ ਪਾਰਦਰਸ਼ੀ ਢੰਗ ਨਾਲ ਹਿਸਾਬ-ਕਿਤਾਬ ਵੀ ਹੋਣਾ ਚਾਹੀਦਾ ਹੈ ਅਤੇ ਵਜੀਰ-ਏ-ਆਜਮ, ਸੰਸਥਾਵਾਂ ਤੇ ਏਜੰਸੀਆ ਦੇ ਵਿਚਕਾਰ ਪਾਰਲੀਮੈਂਟ ਬਤੌਰ ਬਫਰ ਦੇ ਕੰਮ ਕਰਨੇ ਚਾਹੀਦੇ ਹਨ। ਇਸ ਵਿਸੇ ਉਤੇ ਅਸੀ ਅਕਸਰ ਹੀ ਉਸਾਰੂ ਸੋਚ ਵਾਲੇ ਹੁਕਮਰਾਨਾਂ ਨੂੰ ਸੁਝਾਅ ਦਿੰਦੇ ਆਏ ਹਾਂ ਪਰ ਹੁਕਮਰਾਨ ਹਮੇਸ਼ਾਂ ਸਾਡੇ ਵੱਲੋ ਉਸਾਰੂ ਸੋਚ ਵਾਲੇ ਸੁਝਾਵਾਂ ਨੂੰ ਵੀ ਸੱਕ ਨਾਲ ਹੀ ਦੇਖਦੇ ਹਨ।

# ਧਾਰਾ 370 'ਤੇ ਸੁਪਰੀਮ ਕੋਰਟ ਦਾ ਫੈਸਲਾ:ਭਾਰਤੀ ਸੁਪਰੀਮ ਕੋਰਟ ਸਿਆਸਤ ਤੋਂ ਉੱਪਰ ਨਹੀਂ:ਦਲ ਖਾਲਸਾ

ਅੰਮ੍ਰਿਤਸਰ: ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਭਾਰਤੀ ਸਿਖਰਲੀ ਅਦਾਲਤ ਸਿਆਸਤ ਤੋਂ ਉਪਰ ਨਹੀਂ ਹੈ ਅਤੇ ਧਾਰਾ 370 ਨੂੰ ਰੱਦ ਕਰਨ ਦੇ ਭਾਰਤ ਸਰਕਾਰ ਦੇ ਫੈਸਲੇ ਦਾ ਸਮਰਥਨ ਕਰਦਿਆਂ ਭਾਰਤੀ ਸਿਖਰਲੀ ਅਦਾਲਤ ਦਾ ਫੈਸਲਾ ਉਮੀਦ ਅਨੁਸਾਰ ਆਇਆ ਹੈ।ਕੰਵਰਪਾਲ ਸਿੰਘ ਨੇ ਅੰਮ੍ਰਿਤਸਰ ਵਿੱਚ ਜਾਰੀ ਇੱਕ ਬਿਆਨ ਵਿੱਚ ਭਾਰਤੀ ਸੁਪਰੀਮ ਕੋਰਟ ਵੱਲੋਂ ਕਸ਼ਮੀਰ ਵਿੱਚੋਂ ਧਾਰਾ 370 ਨੂੰ ਰੱਦ ਕਰਨ ਦੇ ਫੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਕਸ਼ਮੀਰੀ ਲੋਕ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਹੱਕਾਂ ਤੋਂ ਵਾਂਝੇ ਹਨ ਅਤੇ ਇਹ ਸੋਚਣਾ ਵੀ ਭੋਲਾਪਣ ਹੀ ਸੀ ਕਿ ਸੁਪਰੀਮ ਕੋਰਟ ਸਰਕਾਰ ਦੇ ਆਪਹੁਦਰੇ ਫੈਸਲੇ ਨੂੰ ਪਲਟ ਉਸਨੇ ਅੱਗੇ ਕਿਹਾ ਕਿ ਭਾਰਤ ਸਰਕਾਰ ਜਾਂ ਇੱਥੋਂ ਤੱਕ ਕਿ ਨਿਆਂਪਾਲਿਕਾ ਇਸ ਤੱਥ ਨੂੰ ਕਿਵੇਂ ਨਜ਼ਰਅੰਦਾਜ਼ ਕਰ ਸਕਦੀ ਹੈ ਕਿ ਇਹ ਵਿਵਾਦ ਅਜੇ ਵੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਏਜੰਡੇ 'ਤੇ ਹੈ।













# ਐਮਨਿਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਕਸ਼ਮੀਰ, ਪੰਜਾਬ ਅਤੇ ਮਨੀਪੁਰ ਵਰਗੀਆਂ ਨਾਜ਼ਕ ਸਟੇਟਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਤਰਸਯੋਗ ਹਾਲਾਤਾਂ ਅਤੇ ਨਿੱਘਰਦੀ ਸਥਿਤੀ ਦਾ ਜਾਇਜ਼ਾ ਲੈਣ:ਦਲ ਖਾਲਸਾ



ਅੰਮ੍ਰਿਤਸਰ(ਚਰਨਜੀਤ ਸਿੰਘ)- 75ਵੇਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਦਲ ਖਾਲਸਾ ਨੇ ਐਮਨਿਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਵਰਗੀਆਂ ਦੁਨੀਆਂ ਦੀਆਂ ਨਿਰਪੱਖ ਅਤੇ ਪ੍ਰਮੁੱਖ ਸੰਸਥਾਵਾ ਨੂੰ ਕਸ਼ਮੀਰ, ਪੰਜਾਬ ਅਤੇ ਮਨੀਪੁਰ ਵਰਗੀਆਂ ਨਾਜ਼ਕ ਸਟੇਟਾਂ ਵਿੱਚ ਆਪਣੀਆਂ ਟੀਮਾਂ ਭੇਜ ਕਿ ਮਨੁੱਖੀ ਅਧਿਕਾਰਾਂ ਦੇ ਤਰਸਯੋਗ ਹਾਲਾਤਾਂ ਅਤੇ ਨਿੱਘਰਦੀ ਸਥਿਤੀ ਦਾ ਜਾਇਜ਼ਾ ਲੈਣ ਦੀ ਅਪੀਲ ਕੀਤੀ ਹੈ। ਪਾਰਟੀ ਦੇ ਆਗੂ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪੰਜਾਬ ਅੱਜ ਵੀ ਪੁਲਿਸ ਸਟੇਟ ਹੈ ਜਿੱਥੇ ਰਾਜਨੀਤਿਕ ਲੀਡਰਸ਼ਿਪ ਕਮਜ਼ੋਰ ਤੇ ਨਿਕੰਮੀ ਹੈ ਜੋ ਪੁਲਿਸ ਲੀਡਰਸ਼ਿਪ ਦੀ ਪਿਛਲੱਗ ਬਣ ਕੇ ਵਿਚਰ ਰਹੀ ਹੈ। ਉਹਨਾਂ ਕਿਹਾ ਵੱਖਰੇ ਵਿਚਾਰ ਰੱਖਣ ਵਾਲੇ ਅਤੇ ਸਰਕਾਰੀ ਅੱਤਿਆਚਾਰਾਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਭਾਰੀ ਕੀਮਤ ਤਾਰਨੀ ਪੈਂਦੀ ਹੈ ਅਤੇ ਉਹਨਾਂ ਨੂੰ ਮਨਘੜਤ ਕੇਸਾਂ ਵਿੱਚ ਫਸਾ ਕੇ ਰੋਲਿਆ ਜਾਂਦਾ ਹੈ ਜੋ ਆਪਣੇ ਆਪ ਵਿੱਚ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਉਹਨਾਂ ਕਿਹਾ ਕਿ ਪੁਲਿਸ ਦੇ ਐਸ.ਐਚ.ਉ ਪੱਧਰ ਤੋਂ ਲੈ ਕੇ ਐਸ.ਪੀ. ਪੱਧਰ ਤੱਕ ਅਫ਼ਸਰਾਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਇੱਜ਼ਤ ਕਰਨ ਦੀ ਸਹੀ ਅਰਥਾਂ ਵਿੱਚ ਟ੍ਰੇਨਿੰਗ ਅਤੇ ਅਮਲਾਂ ਵਿੱਚ ਲਾਗੂ ਕਰਨ ਦੀ ਲੋੜ ਹੈ, ਪਰ ਅਫਸੋਸ ਕਿ ਇਸ ਪਾਸੇ ਸਰਕਾਰਾਂ ਦਾ ਕੋਈ ਧਿਆਨ ਨਹੀ ਹੈ। ਉਹਨਾਂ ਦੱਸਿਆ ਕਿ ਪੁਲਿਸ ਨੂੰ ਮਿਲਿਆਂ ਅੰਨੀਆਂ ਤਾਕਤਾਂ ਅਤੇ ਖੁੱਲ੍ਹਾਂ ਹੀ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਮੁੱਖ ਕਾਰਨ ਹੈ। ਉਹਨਾਂ ਕਿਹਾ ਕਿ ਦੱਬੇ-ਕੁਚਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਸਟੇਟ ਦੀ ਪੁਸ਼ਤਪਨਾਹੀ ਹੇਠ ਹੋਣ ਵਾਲੀ ਹਿੰਸਾ ਵਿਰੁੱਧ ਸਮਾਜ ਦਾ ਚੇਤੰਨ ਤੇ ਸੁਹਿਰਦ ਵਰਗ ਲੰਮੇ ਅਰਸੇ ਤੋਂ ਆਵਾਜ਼ ਬੁਲੰਦ ਕਰਦਾ ਆ ਰਿਹਾ ਹੈ ਪਰ ਅਫਸੋਸ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ‘ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਨਿਰੰਤਰ ਜਾਰੀ ਹੈ। ਉਹਨਾਂ ਕਿਹਾ ਕਿ ਇਸ ਵਰ੍ਹੇ ਭਾਰਤੀ ਏਜੰਸੀਆਂ ਵੱਲੋਂ ਕਥਿਤ ਤੌਰ ਤੇ ਸਿੱਖਾਂ ਦੇ ਅੰਤਰ-ਰਾਸ਼ਟਰੀ ਪੱਧਰ ਤੇ ਗੈਰ- ਨਿਆਇਕ ਕਤਲਾਂ ਨੇ ਦਿੱਲੀ ਅਤੇ ਅੰਮ੍ਰਿਤਸਰ ਵਿੱਚ ਦਰਾੜ ਨੂੰ ਹੋਰ ਡੂੰਘਾ ਕੀਤਾ ਹੈ ਅਤੇ ਇਹ ਭਖਦਾ ਮੁੱਦਾ ਸਾਡੇ ਲਈ ਚਿੰਤਾ ਦਾ ਸਬੱਬ ਹੈ। ਉਹਨਾਂ ਕਿਹਾ ਕਿ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਵਿਸ਼ੇਸ਼ ਕਰਕੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਰੱਦ ਕਰਨ ਦਾ ਮੁੱਦਾ ਸਿੱਖ ਪੰਥ ਲਈ ਇੱਕ ਚੁਣੌਤੀ ਹੈ। ਉਹਨਾਂ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ 31 ਦਸੰਬਰ ਤੱਕ ਸਰਕਾਰ ਨੂੰ ਦਿੱਤੇ ਅਲਟੀਮੇਟਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਿੱਲੀ ਹਕਮੂਤ ਦੇ ਹੜੀਅਲ ਅਤੇ ਹੰਕਾਰੀ ਰਵੱਈਏ ਅਤੇ ਬਾਰ-ਬਾਰ ਮੁੱਕਰ ਜਾਣ ਵਾਲੇ ਇਤਿਹਾਸ ਨੂੰ ਦੇਖਦਿਆਂ ਨਹੀਂ ਲਗਦਾ ਕਿ ਸਰਕਾਰ ਭਾਈ ਰਾਜੋਆਣਾ ਦੀ ਮੌਤ ਦੀ ਸਜ਼ਾ ਰੱਦ ਕਰੇਗੀ। ਉਹਨਾਂ ਟਿਪੱਣੀ ਕਰਦਿਆਂ ਕਿਹਾ ਕਿ ਜਥੇਦਾਰ ਸਾਹਿਬ ਕੇਂਦਰ ਨਾਲ ਆਰ ਪਾਰ ਦੀ ਲੜਾਈ ਦੀ ਤਿਆਰੀ ਰੱਖਣ। ਸਿੱਖ ਯੂਥ ਆਫ ਪੰਜਾਬ ਦੇ ਆਗੂ ਗੁਰਨਾਮ ਸਿੰਘ ਮੂਨਕਾਂ ਨੇ ਕਿਹਾ ਕਿ ਬੀਤੇ ਕੱਲ ਬਠਿੰਡਾ ਪੁਲਿਸ ਵੱਲੋਂ ਖੜੀਆਂ ਕੀਤੀਆਂ ਰੁਕਾਵਟਾਂ ਅਤੇ ਜਥੇਬੰਦੀ ਦੇ ਮੈਂਬਰਾਂ ਦੀ ਗ੍ਰਿਫ਼ਤਾਰੀਆਂ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਮਾਰਚ ਤੇ ਰੈਲੀ ਵਿੱਚ ਸ਼ਾਮਿਲ ਹੋ ਕੇ ਸਰਕਾਰ ਦੇ ਤਾਨਾਸ਼ਾਹੀਦੇ ਖਿਲਾਫ ਰੋਸ ਮਾਰਚ ਕੀਤਾ।

# ਕਸ਼ਮੀਰ ਪ੍ਰਤੀ ਫੈਸਲਾ ਗੈਰ-ਕਾਨੂੰਨੀ, ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਕਾਰਵਾਈ:ਕਸ਼ਮੀਰੀ ਆਗੂ

ਨਵੀਂ ਦਿੱਲੀ: ਭਾਰਤ ਦੇ ਆਪਣੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਜੰਮੂ-ਕਸ਼ਮੀਰ ਦੀ ਸਰਵ-ਪ੍ਰਵਾਨਿਤ ਵਿਵਾਦਿਤ ਸਥਿਤੀ ਅਤੇ ਕਸ਼ਮੀਰੀਆਂ ਪ੍ਰਤੀ ਰਾਇਸ਼ੁਮਾਰੀ ਦੀ ਵਚਨਬੱਧਤਾ ਪ੍ਰਗਟਾਈ ਸੀ।ਪਰ ਹੁਣ ਭਾਰਤੀ ਸੁਪਰੀਮ ਕੋਰਟ ਨੇ ਨਰਿੰਦਰ ਮੋਦੀ ਸਰਕਾਰ ਵੱਲੋਂ ਜੰਮੂ ਅਤੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਨੂੰ ਰੱਦ ਕਰਨ ਦਾ ਸਮਰਥਨ ਕੀਤਾ ਹੈ।ਪਰ ਕਸ਼ਮੀਰ ਦੀ ਹਰ ਛੋਟੀ ਵੱਡੀ ਪਾਰਟੀ ਦੇ ਆਗੂ ਨੇ ਇਸ ਅਮਲ ਨੂੰ ਗੈਰ-ਕਾਨੂੰਨੀ, ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਕਾਰਵਾਈ ਕਿਹਾ ਹੈ। ਜੰਮੂ-ਕਸ਼ਮੀਰ ਦੀਆਂ ਸਾਰੀਆਂ ਆਜ਼ਾਦੀ ਪੱਖੀ ਪਾਰਟੀਆਂ ਵਿੱਚ ਪਹਿਲਾਂ ਹੀ ਸਹਿਮਤੀ ਬਣ ਚੁੱਕੀ ਹੈ ਕਿ ਮੋਦੀ ਦੀ ਅਗਵਾਈ ਵਾਲੀ ਭਾਰਤ ਦੀ ਸਰਕਾਰ ਕਬਜ਼ੇ ਵਾਲੇ ਖੇਤਰ ਵਿੱਚ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਲਈ ਆਪਣੀ ਸੁਹਿਰਦ ਨਿਆਂਪਾਲਿਕਾ ਦੀ ਵਰਤੋਂ ਕਰ ਰਹੀ ਹੈ ਅਤੇ ਅੱਜ ਦਾ ਫੈਸਲਾ ਇਸੇ ਏਜੰਡੇ ਦਾ ਹਿੱਸਾ ਹੈ।ਗੈਰ-ਕਾਨੂੰਨੀ ਐਕਟ ਨੂੰ ਭਾਰਤੀ ਸੁਪਰੀਮ ਕੋਰਟ ਵਿੱਚ ਸਥਾਨਕ ਸਿਆਸਤਦਾਨਾਂ ਦੁਆਰਾ ਚੁਣੌਤੀ ਦਿੱਤੀ ਗਈ ਸੀ ਜੋ ਭਾਰਤ ਪੱਖੀ ਮੰਨੇ ਜਾਂਦੇ ਹਨ।ਇਸ ਦੌਰਾਨ ਕਾਨੂੰਨੀ ਮਾਹਿਰਾਂ ਨੇ ਭਾਰਤੀ ਸੁਪਰੀਮ ਕੋਰਟ ਦੇ ਫੈਸਲੇ ‘ਤੇ ਹੈਰਾਨੀ ਜ਼ਾਹਰ ਕਰਦਿਆਂ ਇਸ ਨੂੰ ਨਿਆਂ ਨਾਲ ਖਿਲਵਾੜ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ, ਇਹ ਫੈਸਲਾ ਭਾਰਤ ਦੀ ਸਿਖਰਲੀ ਨਿਆਂਪਾਲਿਕਾ ਅਤੇ ਫਾਸੀਵਾਦੀ ਆਰਐਸਐਸ-ਭਾਜਪਾ ਸਰਕਾਰ ਦਰਮਿਆਨ ਮਿਲੀਭੁਗਤ ਨੂੰ ਦਰਸਾਉਂਦਾ ਹੈ ਜੋ ਕਸ਼ਮੀਰ ਦੀ ਵੱਖਰੀ ਪਛਾਣ ਅਤੇ ਇਸ ਦੇ ਮੁਸਲਿਮ ਚਰਿੱਤਰ ਨੂੰ ਖਤਮ ਕਰਨ ਦੇ ਇਰਾਦੇ ਨਾਲ ਹੈ। ਮਾਹਰਾਂ ਨੇ ਕਿਹਾ, ਕਸ਼ਮੀਰੀਆਂ ਲਈ 5 ਅਗਸਤ 2019 ਦੇ ਫੈਸਲਿਆਂ ਨੂੰ ਸਵੀਕਾਰ ਕਰਨਾ ਉਨ੍ਹਾਂ ਦੀ ਇੱਜ਼ਤ ਅਤੇ ਪਛਾਣ ਗੁਆਉਣ ਦੇ ਬਰਾਬਰ ਹੈ। ਉਨ੍ਹਾਂ ਨੇ ਅਫਸੋਸ ਪ੍ਰਗਟਾਇਆ ਕਿ 2014 ਵਿੱਚ ਫਾਸੀਵਾਦੀ ਮੋਦੀ ਦੇ ਸੱਤਾ ਸੰਭਾਲਣ ਤੋਂ ਬਾਅਦ ਭਾਰਤੀ ਨਿਆਂਪਾਲਿਕਾ ਬਹੁਤ ਭਗਵਾ ਹੋ ਗਈ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ‘ਭਾਈ ਖੰਡਾ ਦੀ ਮੌਤ ਨੂੰ ਲੈ ਕੇ ਫਿਰ ਸਵਾਲ ਖੜ੍ਹੇ ਹੋਣ ਲੱਗੇ’

## ਮੌਤ ਤੋਂ ਪਹਿਲਾਂ ਭਾਰਤੀ ਸੁਰੱਖਿਆ ਏਜੰਸੀਆਂ ਨੇ ਖੰਡੇ ਨੂੰ ਦਿੱਤੀਆਂ ਧਮਕੀਆਂ:‘ਦ ਗਾਰਡੀਅਨ’ ਵਿਚ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਹੋਇਆ ਖੁਲਾਸਾ



ਲੰਡਨ-ਲੰਡਨ ਨਿਵਾਸੀ ਸਿੱਖ ਆਗੂ ਅਵਤਾਰ ਸਿੰਘ ਖੰਡਾ ਦੀ ਮੌਤ ਨੂੰ ਲੈ ਕੇ ਇੱਕ ਫਿਰ ਸਵਾਲ ਖੜ੍ਹੇ ਹੋਣ ਲੱਗੇ ਹਨ। ਇਸ਼ਾਰਿਆਂ ਹੀ ਇਸ਼ਾਰਿਆਂ ਵਿੱਚ ਸਵਾਲ ਭਾਰਤੀ ਏਜੰਸੀਆਂ ’ਤੇ ਆ ਰਹੇ ਹਨ। ਮੀਡੀਆਂ ਦੀ ਜਾਂਚ ਰਿਪੋਰਟ ਵਿੱਚ ਪਾਇਆ ਗਿਆ ਕਿ ਯੂਕੇ ਅਵਤਾਰ ਸਿੰਘ ਖੰਡਾ ਦੀ ਮੌਤ ਤੋਂ ਪਹਿਲਾਂ ਉਸ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਸੀ। ਭਾਰਤ ਤੋਂ ਪੁਲਿਸ ਦੇ ਫੋਨ ਵੀ ਆਉਂਦੇ ਰਹੇ ਅਤੇ ਉਸ ਦੇ ਪਰਿਵਾਰ ਨੂੰ ਧਮਕੀਆਂ ਵੀ ਮਿਲਦੀਆਂ ਰਹੀਆਂ।

ਯੂਕੇ ਮੀਡੀਆ ਦੀ ਜਾਂਚ ਰਿਪੋਰਟ ਵਿੱਚ ਖੰਡਾ ਦੇ ਕਰੀਬੀ ਲੋਕਾਂ ਦੇ ਇੰਟਰਵਿਊ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਵਿੱਚ ਉਹ ਸਾਫ਼ ਕਹਿ ਰਹੇ ਹਨ ਕਿ ਖੰਡਾ ਆਪਣੀ ਮੌਤ ਤੋਂ ਇੱਕ ਹਫ਼ਤਾ ਪਹਿਲਾਂ ਪੂਰੀ ਤਰ੍ਹਾਂ ਤੰਦਰੁਸਤ ਸਨ। ਇੰਨਾ ਹੀ ਨਹੀਂ ਅਵਤਾਰ ਸਿੰਘ ਖੰਡਾ ਦੀ ਮਾਂ ਚਰਨ ਕੌਰ ਨੇ ਉਸ ’ਤੇ ਭਾਰਤ ’ਚ ਤੰਗ- ਪ੍ਰੇਸ਼ਾਨ ਕਰਨ ਦਾ ਦੋਸ਼ ਵੀ ਲਗਾਇਆ ਹੈ। ਬ੍ਰਿਟੇਨ ਦੇ ਅਖਬਾਰ ‘ਦ ਗਾਰਡੀਅਨ’ਵਿਚ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਖੰਡਾ ਨੇ ਜੂਨ ਵਿਚ ਆਪਣੀ ਮੌਤ ਤੋਂ ਪਹਿਲਾਂ ਬਰਮਿੰਘਮ ਵਿਚ ਸ਼ਿਕਾਇਤ ਕੀਤੀ ਸੀ ਕਿ ਭਾਰਤੀ ਪੁਲਿਸ ਉਸ ਨੂੰ ਫ਼ੋਨ ’ਤੇ ਤੰਗ ਕਰ ਰਹੀ ਹੈ ਅਤੇ ਪੰਜਾਬ ਵਿਚ ਉਸ ਦੇ ਪਰਿਵਾਰ ਨੂੰ ਧਮਕੀਆਂ ਦੇ ਰਹੀ ਹੈ। ਇਸ ਦੇ ਨਾਲ ਹੀ ’ਦ ਗਾਰਡੀਅਨ ਨੇ ਭਾਰਤ ਵਿੱਚ ਰਹਿੰਦੀ ਮਾਂ ਚਰਨ ਕੌਰ ਅਤੇ ਭੈਣ ਜਸਪ੍ਰੀਤ ਕੌਰ ਵੱਲੋਂ ਇੱਕ ਵਿਦੇਸ਼ੀ ਮੀਡੀਆ ਨੂੰ ਦਿੱਤੀ ਇੰਟਰਵਿਊ ਦਾ ਵੀ ਜ਼ਿਕਰ ਕੀਤਾ ਹੈ। ਜਿਸ ਵਿੱਚ ਮਾਂ ਦਾ ਇਲਜ਼ਾਮ ਹੈ ਕਿ ਖੁਫੀਆ ਏਜੰਸੀਆਂ ਦੇ ਅਧਿਕਾਰੀ ਅਪਰੈਲ ਵਿੱਚਮ ਪੰਜਾਬ ਦੇ ਮੋਗਾ ਵਿੱਚ ਉਸ ਦੇ ਘਰ ਆਏ ਅਤੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੀ ਜਾਂਚ ਚੱਲ ਰਹੀ ਹੈ। ਪੁਲਿਸ ਨੇ ਉਸ ਤੋਂ ਖੰਡਾ ਨਾਲ ਉਸ ਦੇ ਸਬੰਧਾਂ ਬਾਰੇ ਪੁੱਛਿਆ ਅਤੇ ਇਹ ਵੀ ਕਿਹਾ ਕਿ ਉਸ ਦੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉਸ ਨੇ ਅਵਤਾਰ ਬਾਰੇ ਵੀ ਪੁੱਛਗਿੱਛ ਕੀਤੀ।

ਇਸ ਤੋਂ ਬਾਅਦ ਉਸ ਦੀ ਬੇਟੀ ਜਸਪ੍ਰੀਤ ਕੌਰ ਨੂੰ ਵੀ ਗ੍ਰਿਫਤਾਰ ਕਰਨ ਦੀ ਧਮਕੀ ਦਿੱਤੀ।ਅਵਤਾਰ ਸਿੰਘ ਖੰਡਾ ਦੀ ਮੌਤ ’ਤੇ ਪਹਿਲਾਂ ਹੀ ਸ਼ੱਕ ਜਤਾਇਆ ਗਿਆ ਸੀ ਸੀ ਤੇ ਹੁਣ ਯੂਕੇ ਮੀਡੀਆ ਦੀ ਜਾਂਚ ਰਿਪੋਰਟ ਵਿੱਚ ਵੀ ਖੰਡਾ ਦੀ ਮੌਤ ’ਤੇ ਸਵਾਲ ਚੁੱਕੇ ਗਏ ਹਨ।ਜਿਸ ਵਿੱਚ ਪਰਿਵਾਰ ਅਤੇ ਦੋਸਤਾਂ ਨੇ ਉਸਦੀ ਮੌਤ ਨੂੰ ਸ਼ੱਕੀ ਦੱਸਿਆ ਹੈ। ਅਮਰੀਕੀ ਅਧਿਕਾਰੀਆਂ ਨੇ ਇਹ ਵੀ ਦੋਸ਼ ਲਾਇਆ ਹੈ।ਕਿ ਭਾਰਤੀ ਖੁਫੀਆ ਏਜੰਸੀ ਨਾਲ ਨਜ਼ਦੀਕੀ ਸਬੰਧ ਰੱਖਣ ਵਾਲਾ ਇੱਕ ਭਾਰਤੀ ਸਰਕਾਰੀ ਅਧਿਕਾਰੀ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਕਾਰਕਨਾਂ ਨੂੰ ਮਾਰਨ ਦਾ ਹੁਕਮ ਦੇ ਰਿਹਾ ਸੀ।ਹਾਲਾਂਕਿ ਬ੍ਰਿਟਿਸ਼ ਅਧਿਕਾਰੀਆਂ ਦਾ ਸਪੱਸ਼ਟ ਕਹਿਣਾ ਹੈ ਕਿ ਖੰਡਾ ਦੀ ਮੌਤ ’ਤੇ ਕੋਈ ਸੰਦੇਹ ਨਹੀਂ ਹੈ ਅਤੇ ਉਸ ਦੀ ਮੌਤ ਦਾ ਕਾਰਨ ਬਲੱਡ ਕੈਂਸਰ ਸੀ। ਵੈਸਟ ਮਿਡਲੈਂਡਜ਼ ਫੋਰਸ ਦਾ ਕਹਿਣਾ ਹੈ ਕਿ ਕੋਰੋਨਰ (ਮੌਤ ਦੀ ਜਾਂਚ ਕਰਨ ਵਾਲਾ ਅਧਿਕਾਰੀ) ਨੇ ਤਸੱਲੀ ਪ੍ਰਗਟਾਈ ਹੈ ਕਿ ਕੋਈ ਵੀ ਸ਼ੱਕੀ ਹਾਲਾਤ ਨਹੀਂ ਹਨ, ਮੌਤ ਦਾ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ।ਅਧਿਕਾਰਤ ਤੌਰ ’ਤੇ ਇਹ ਕਿਹਾ ਗਿਆ ਸੀ ਕਿ ਖੰਡਾ ਦੀ ਮੌਤ ਮਾਈਲੋਇਡ ਲਿਊਕੇਮੀਆ ਕਾਰਨ ਹੋਈ ਸੀ। ਖਾਲਿਸਤਾਨੀ ਸਮਰਥਕ, ਦੋਸਤ ਅਤੇ ਪਰਿਵਾਰਕ ਮੈਂਬਰ ਬ੍ਰਿਟਿਸ਼ ਅਧਿਕਾਰੀਆਂ ਦੇ ਬਿਆਨਾਂ ਦਾ ਖੰਡਨ ਕਰ ਰਹੇ ਹਨ। ਬਰਮਿੰਘਮ ਵਿੱਚ ਖੰਡਾ ਦੇ ਸਾਥੀਆਂ ਦਾ ਦਾਅਵਾ ਹੈ ਕਿ ਵੈਸਟ ਮਿਡਲੈਂਡਜ਼ ਪੁਲਿਸ ਨੇ ਦੋਸਤਾਂ ਅਤੇ ਪਰਿਵਾਰ ਦੇ ਬਿਆਨ ਨਹੀਂ ਲਏ ਅਤੇ ਉਸਦੀ ਮੌਤ ਤੋਂ ਬਾਅਦ ਉਸਦੇ ਕਮਰੇ ਦੇ ਸਾਥੀਆਂ ਨਾਲ ਗੱਲ ਨਹੀਂ ਕੀਤੀ।

ਇੰਨਾ ਹੀ ਨਹੀਂ ਉਸ ਨੂੰ ਮਿਲੀਆਂ ਧਮਕੀਆਂ ਸਬੰਧੀ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਜਾਂਚ ਲਈ ਕੋਈ ਕੇਸ ਨੰਬਰ ਵੀ ਜਾਰੀ ਨਹੀਂ ਕੀਤਾ ਗਿਆ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey


## ਕਸ਼ਮੀਰ ਦੇ ਹੱਕਾਂ ਲਈ ਲੜ ਰਿਹਾ ਹਾਂ: ਉਮਰ

ਸ੍ਰੀਨਗਰ: ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨੇ ਜੰਮੂ-ਕਸ਼ਮੀਰ ਦੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਦੀ ਬਹਾਲੀ ਲਈ ਲੜਨ ਦੇ ਪਾਰਟੀ ਦੇ ਸੰਕਲਪ ਨੂੰ ਦੁਹਰਾਇਆ ਹੈ।

ਉਮਰ ਅਬਦੁੱਲਾ ਨੇ ਪਾਰਟੀ ਵਰਕਰਾਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕਸ਼ਮੀਰ ਦੇ ਲੋਕਾਂ ਲਈ ਲੜ ਰਹੇ ਹਨ ਅਤੇ ਉਨ੍ਹਾਂ ਦਾ ਕਿਸੇ ਅਹੁਦੇ ਲਈ ਚੋਣ ਲੜਨ ਦਾ ਕੋਈ ਇਰਾਦਾ ਨਹੀਂ ਹੈ।“ਕਿੱਥੇ ਹੈ ਵਿਕਾਸ ਦਾ ਵਾਅਦਾ, ਕਿੱਥੇ ਹਨ ਨੌਕਰੀਆਂ?”

ਉਮਰ ਨੇ ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਵਿਕਾਸ ਵਾਅਦਿਆਂ ਨੂੰ ਚੁਣੌਤੀ ਦਿੰਦੇ ਹੋਏ ਪੁੱਛਿਆ।ਉਨ੍ਹਾਂ ਕਿਹਾ ਕਿ ਸੱਤਾਧਾਰੀ ਭਾਜਪਾ ਸਰਕਾਰ ਨੇ ਆਪਣੇ ਦਾਅਵਿਆਂ ‘ਤੇ ਖਰਾ ਉਤਰਨਾ ਤਾਂ ਦੂਰ, ਕਸ਼ਮੀਰ ਦੇ ਲੋਕਾਂ ਨੂੰ ਨਿਰਾਸ਼ਾ ਦੇ ਆਲਮ ‘ਚ ਸੁੱਟ ਦਿੱਤਾ ਹੈ। “ਸਾਡੇ ਗੁੱਜਰ ਭਰਾਵਾਂ ਨੂੰ ਜੰਗਲਾਂ ਉੱਤੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ।

ਬੁਨਿਆਦੀ ਉਪਯੋਗਤਾ ਸੇਵਾਵਾਂ ਦੀ ਘਾਟ ਅਤੇ ਪ੍ਰਸ਼ਾਸਕੀ ਘਾਟੇ ਸਾਡੇ ਸੁੱਟ ਦਿੱਤੇ ਗਏ ਹਨ। ਲੋਕਾਂ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਕਿੱਥੇ ਜਾਣ।


ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*17 ਦਸੰਬਰ ਦਿਨ ਐਤਵਾਰ ਸਰੀ ਨਿਵਾਸੀ ਸਮੂਹ ਸੰਗਤ ਅਫਗਾਨਿਸਤਾਨ ਪਾਠ ਜਾਪ ਸਾਹਿਬ ਸੰਗਤ ਰੂਪ ਵਿਚ ਸਵੇਰੇ 8 ਤੋਂ 9 ਵਜੇ ਤੱਕ ਕਰਨਗੇ।
*17 ਦਸੰਬਰ ਦਿਨ ਐਤਵਾਰ ਸਵੇਰ ਨੂੰ ਕਾਕ ਰਾਜਵੀਰ ਸਿੰਘ ਤੇ ਬੱਚੀ ਜਸਪ੍ਰੀਤ ਕੌਰ ਤੇ ਅਨੰਦਕਾਰਜ ਹੋਣਗੇ।
*17 ਦਸੰਬਰ ਦਿਨ ਐਤਵਾਰ ਬਾਦ ਦੁਪਹਿਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠਾਂ ਦੀ ਸੇਵਾ ਹੋਵੇਗੀ:
1. ਭਾਈ ਜਸਵੰਤ ਸਿੰਘ ਅਠਵਾਲ ਪਰਿਵਾਰ ਵੱਲੋਂ 2. ਅਮਿਤ ਕੁਮਾਰ ਸਮੂਹ ਪਰਿਵਾਰ ਵੱਲੋਂ
ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।
ਨੋਟ:1 ਦਸੰਬਰ ਤੋਂ 27 ਦਸੰਬਰ ਤੱਕ ਸਾਹਿਬਜਾਦੇ ਅਤੇ ਮਾਤਾ ਗੁਜਰ ਕੌਰ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਰੋਜ ਸ਼ਾਮ 5.30 ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸੰਗਤੀ ਰੂਪ ਵਿਚ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਦਸੰਬਰ ਦਾ ਮਹੀਨਾ ਪੰਥ ਪ੍ਰਸਿੱਧ ਕਥਾਵਾਚਕ ਭਾਈ ਜਸਵੀਰ ਸਿੰਘ ਖੜਗ ਕਥਾ ਕਰਨਗੇ


ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਅਮਰੀਕਾ ਰਹਿੰਦੇ ਭਾਰਤੀ ਮੂਲ ਦੇ ਅਮਿਤ ਪਟੇਲ ‘ਤੇ ਫੁੱਟਬਾਲ ਟੀਮ ਦੇ 22 ਮਿਲੀਅਨ ਡਾਲਰ ਚੋਰੀ ਕਰਨ ਦਾ ਦੋਸ਼

ਵਾਸ਼ਿੰਗਟਨ:(ਡਾ. ਗੁਰਵਿੰਦਰ ਸਿੰਘ): ਵੈਸੇ ਤਾਂ ਹਰ ਆਉਂਦੇ ਦਿਨ ਅਮਰੀਕਾ ਕੈਨੇਡਾ ਵਿੱਚ ਸਿੱਧੇ ਅਸਿੱਧੇ ਢੰਗ ਦੇ ਨਾਲ ਭਾਰਤੀ ਏਜੰਟਾਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਕਰਕੇ ਕਾਫੀ ਬਦਨਾਮੀ ਹੋ ਰਹੀ ਹੈ, ਪਰ ਹੁਣ ਧੋਖਾਧੜੀ, ਚੋਰੀਆਂ ਅਤੇ ਠੱਗੀਆਂ ਦੀਆਂ ਘਟਨਾਵਾਂ ਵਿੱਚ ਵੀ ਇਹ ਨਾਮ ਉੱਚਾ ਕਰ ਰਹੇ ਹਨ । ਉਹਨਾਂ ਵਿੱਚੋਂ ਇੱਕ ਭਾਰਤੀ ਮੂਲ ਦਾ ਵਿਅਕਤੀ ਅਮਿਤ ਪਟੇਲ ਹੈ, ਜਿਸ ‘ਤੇ 22 ਮਿਲੀਅਨ ਡਾਲਰ ਦਾ ਧੋਖਾ ਕਰਨ ਦੇ ਦੋਸ਼ ਲੱਗੇ ਹਨ। ਯੂਐਸਏ ਟੂਡੇ ਦੀ ਰਿਪੋਰਟ ਅਨੁਸਾਰ ਜੈਗੁਆਰਸ ਦਾ ਇੱਕ ਸਾਬਕਾ ਕਰਮਚਾਰੀ ਅਮਿਤ ਪਟੇਲ ‘ਤੇ ਵਾਇਰ ਧੋਖਾਧੜੀ ਅਤੇ ਔਨਲਾਈਨ ਖਰੀਦੀ $95,000 ਦੀ ਘੜੀ ਨਾਲ ਸਬੰਧਤ, ਨਾਜਾਇਜ਼ ਮੁਦਰਾ ਲੈਣ-ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਭਾਰਤੀ ਮੂਲ ਦੇ ਅਮਿਤ ਪਟੇਲ ‘ਤੇ ਕਥਿਤ ਤੌਰ ‘ਤੇ $22 ਮਿਲੀਅਨ ਤੋਂ ਵੱਧ ਦੀ ਰੈਕ ਕਰਨ ਲਈ ਵਾਇਰ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਹੈ। ਅਦਾਲਤ ਦੇ ਰਿਕਾਰਡ ਦੇ ਅਨੁਸਾਰ, ਅਮਿਤ ਪਟੇਲ ‘ਤੇ ਸੰਗਠਨ ਦੇ ਵਰਚੁਅਲ ਕ੍ਰੈਡਿਟ ਕਾਰਡ ਪ੍ਰੋਗਰਾਮ ਦਾ ਸ਼ੋਸ਼ਣ ਕਰਨ ਦਾ ਦੋਸ਼ ਵੀ ਲਗਾਇਆ ਗਿਆ ਹੈ। ਜੈਗੁਆਰਜ਼ ਦੇ ਫਰੰਟ ਆਫਿਸ ਦੇ ਸਾਬਕਾ ਕਰਮਚਾਰੀ ਇੰਡੀਅਨ ਨੈਸ਼ਨਲ ਅਮਿਤ ਪਟੇਲ ਨੇ ਕਥਿਤ ਤੌਰ ‘ਤੇ ਫੰਡਾਂ ਦੀ ਦੁਰਵਰਤੋਂ ਦੋ ਵਾਹਨਾਂ, ਇਕ ਕੰਡੋਮੀਨੀਅਮ ਅਤੇ ਇਕ ਡਿਜ਼ਾਈਨਰ ਘੜੀ ਸਮੇਤ ਕਈ ਹੋਰ ਚੀਜ਼ਾਂ ਖਰੀਦਣ ਲਈ ਕੀਤੀ। ਇਸ ਤੋਂ ਇਲਾਵਾ, ਉਸ ‘ਤੇ ਦੋਸ਼ ਹੈ ਕਿ ਉਸਨੇ ਕ੍ਰਿਪਟੋ ਕਰੰਸੀ ਵਿੱਚ ਨਿਵੇਸ਼ ਕੀਤਾ, ਔਨਲਾਈਨ ਜੂਏ ਦੀਆਂ ਸਾਈਟਾਂ ‘ਤੇ ਸੱਟਾ ਲਗਾਇਆ ਅਤੇ ਨਿੱਜੀ ਜਹਾਜ਼ਾਂ ਨੂੰ ਚਾਰਟ ਕੀਤਾ। ਜੈਗੁਆਰਜ਼ ਨੇ ਪੁਸ਼ਟੀ ਕੀਤੀ ਹੈ ਕਿ ਪਟੇਲ ‘ਤੇ



ਫਰੈਂਚਾਈਜ਼ੀ ਤੋਂ ਗਬਨ ਕੀਤਾ ਹੈ। TheAthletic.com ਦੇ ਅਨੁਸਾਰ, ਟੀਮ ਨੇ ਇੱਕ ਬਿਆਨ ਵਿੱਚ ਕਿਹਾ, “ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਫਰਵਰੀ 2023 ਵਿੱਚ, ਟੀਮ ਨੇ ਫਾਈਲਿੰਗ ਵਿੱਚ ਨਾਮਜ਼ਦ ਇਸ ਵਿਅਕਤੀ ਦੀ ਨੌਕਰੀ ਨੂੰ ਖਤਮ ਕਰ ਦਿੱਤਾ ਸੀ। ਜਿਵੇਂ ਕਿ ਦੋਸ਼ਾਂ ਵਿੱਚ ਸਪੱਸ਼ਟ ਕੀਤਾ ਗਿਆ, ਅਮਿਤ ਪਟੇਲ ਸਾਬਕਾ ਸੀ. ਵਿੱਤੀ ਯੋਜਨਾਬੰਦੀ ਅਤੇ ਵਿਸ਼ਲੇਸ਼ਣ ਦਾ ਪ੍ਰਬੰਧਕ ਸੀ, ਜਿਸ ਨੇ ਨਿੱਜੀ ਲਾਭ ਲਈ ਟੀਮ ਦੇ ਖਰਚੇ ‘ਤੇ ਗੁਪਤ ਤੌਰ ‘ਤੇ ਅਤੇ ਜਾਣ ਬੁੱਝ ਕੇ ਧੋਖਾਧੜੀ ਵਾਲੀ ਵਿੱਤੀ ਗਤੀਵਿਧੀ ਕਰਨ ਲਈ ‘ਆਪਣੀ ਭਰੋਸੇਯੋਗ ਪਦਵੀ ਦਾ ਫਾਇਦਾ ਉਠਾਇਆ। ਸਤੰਬਰ 2019 ਤੋਂ ਫਰਵਰੀ 2023 ਵਿੱਚ ਆਪਣੇ ਅਹੁਦੇ ਤੋਂ ਹਟਾਏ ਜਾਣ ਤੱਕ, ਪਟੇਲ ਨੇ ਟੀਮ ਦੇ ਖਾਤਿਆਂ ‘ਤੇ ਕੁਝ ਲੈਣ-ਦੇਣ ਅਤੇ ਵਧਾ-ਚੜ੍ਹਾ ਕੇ, ਡੁਪਲੀਕੇਟ, ਜਾਂ ਦੂਜਿਆਂ ਨੂੰ ਗਲਤ ਚਰਿੱਤਰ ਬਣਾ ਕੇ ਨਿੱਜੀ ਖਰਚੇ ਇਕੱਠੇ ਕੀਤੇ, ਜਿਵੇਂ ਕਿ ਚਾਰਜਿੰਗ ਦਸਤਾਵੇਜ਼ਾਂ ਵਿੱਚ ਦੱਸਿਆ ਗਿਆ ਹੈ, ਜਿਸ ਦੀ ਯੂਐਸਏ ਟੂਡੇ ਨੇ ਰਿਪੋਰਟ ਕੀਤੀ। ਪਟੇਲ ‘ਤੇ ਵਾਇਰ ਧੋਖਾਧੜੀ ਅਤੇ ਉਸ ਨੇ ਪਿਛਲੀ ਪਤਝੜ ਵਿੱਚ ਔਨਲਾਈਨ ਖਰੀਦੀ $95,000 ਦੀ ਘੜੀ ਨਾਲ ਸਬੰਧਤ ਇੱਕ ਨਾਜਾਇਜ਼ ਮੁਦਰਾ ਲੈਣ-ਦੇਣ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਭਾਰਤੀ ਮੂਲ ਦੇ ਅਮਿਤ ਪਟੇਲ ਦੀ 22 ਮਿਲੀਅਨ ਡਾਲਰ ਦੀ ਧੋਖਾਧੜੀ ਦੇ ਦੋਸ਼ਾਂ ਦੀ ਖਬਰ ਨੂੰ ਨੂੰ ਅਮਰੀਕਾ ਦੇ ਮੀਡੀਏ ਨੇ ਮੁੱਖ ਤੌਰ ਤੇ ਪ੍ਰਕਾਸ਼ਿਤ ਕੀਤਾ ਹੈ, ਪਰ ਭਾਰਤ ਦੇ ਗੋਦੀ ਮੀਡੀਏ ਵਿੱਚ ਇਸ ਖਬਰ ਦਾ ਜ਼ਿਕਰ ਤੱਕ ਨਹੀਂ ਮਿਲ ਰਿਹਾ, ਇਹ ਹੈਰਾਨੀ ਵਾਲੀ ਗੱਲ ਹੈ।













# ਕੈਨੇਡਾ ਵਿੱਚ ਪੜ੍ਹਨਾ ਕੌਮਾਂਤਰੀ ਵਿਦਿਆਰਥੀਆਂ ਲਈ ਔਖਾ ਹੋਇਆ:ਨਵੇਂ ਨਿਯਮ ਹੋਏ ਲਾਗੂ



ਆਟਵਾ:-ਪੜ੍ਹਾਈ ਲਈ ਕੈਨੇਡਾ ਜਾਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਲਈ ਕੈਨੇਡਾ ਸਬੰਧੀ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ।ਮਾਹਰ ਕਹਿੰਦੇ ਹਨ ਕਿ ਇਸ ਨਾਲ ਕੈਨੇਡਾ ਜਾਣਾ ਪਹਿਲਾਂ ਨਾਲੋਂ ਔਖਾ ਤੇ ਮਹਿੰਗਾ ਹੋ ਜਾਵੇਗਾ।ਕੈਨੇਡੀਆਈ ਸਰਕਾਰ ਨੇ ਜਿੱਥੇ ਜੀਆਈਸੀ ਦੀ ਰਕਮ ਦੁੱਗਣੀ ਕੀਤੀ ਹੈ ਉੱਥੇ ਵਰਕ ਪਰਮਿਟ ਵਿੱਚ ਵੀ ਕਈ ਬਦਲਾਅ ਕੀਤੇ ਹਨ।ਨਵੇਂ ਨਿਯਮ ਜਨਵਰੀ 2024 ਤੋਂ ਲਾਗੂ ਹੋਣਗੇ।ਨਵੇਂ ਨਿਯਮਾਂ ਮੁਤਾਬਕ ਹੁਣ ਜੀ ਆਈ ਸੀ 20,635 ਡਾਲਰ ਕਰ ਦਿੱਤੀ ਹੈ। ਪਹਿਲਾਂ ਜੀਆਈਸੀ 10,000 ਡਾਲਰ ਸੀ ਅਤੇ ਇਸ ਵਿੱਚ ਵਾਧਾ ਸਾਲ 2000 ਵਿੱਚ ਕੀਤਾ ਗਿਆ ਸੀ।ਕੈਨੇਡਾ ਵਿੱਚ ਵਿਦਿਆਰਥੀ ਵੀਜ਼ੇ ਉੱਤੇ ਗਏ ਵਿਦਿਆਰਥੀ ਨੂੰ ਪਹਿਲਾਂ ਹਫ਼ਤੇ ਵਿੱਚ ਵੀਹ ਘੰਟੇ ਕੰਮ ਕਰਨ ਦੀ ਆਗਿਆ ਸੀ।ਪਰ ਕੈਨੇਡਾ ਸਰਕਾਰ ਨੇ ਕੁਝ ਸਮਾਂ ਪਹਿਲਾਂ ਪੜ੍ਹਾਈ ਦੌਰਾਨ ਵਿਦਿਆਰਥੀਆਂ ਨੂੰ ਫੁੱਲ ਟਾਈਮ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ ਅਤੇ ਇਹ ਨਿਯਮ 31 ਦਸੰਬਰ 2023 ਤੱਕ ਸੀ।ਕੈਨੇਡਾ ਨੇ ਹੁਣ ਇਸ ਨਿਯਮ ਵਿੱਚ 30 ਅਪਰੈਲ 2024 ਤੱਕ ਵਾਧਾ ਕਰ ਦਿੱਤਾ ਹੈ।ਕੋਰੋਨਾ ਦੌਰਾਨ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕਰਨ ਦੀ ਨੀਤੀ ਲਾਗੂ ਕੀਤੀ ਸੀ।

ਕੈਨੇਡਾ ਵਿੱਚ ਦੋ ਸਾਲ ਦੀ ਪੜਾਈ ਕਰਨ ਵਾਲੇ ਵਿਦਿਆਰਥੀ ਨੂੰ ਪੜਾਈ ਤੋਂ ਬਾਅਦ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ। ਭਾਵ ਜਿਸ ਵਿਅਕਤੀ ਦਾ ਤਿੰਨ ਸਾਲ ਦਾ ਵਰਕ ਪਰਮਿਟ ਖ਼ਤਮ ਹੋ ਜਾਂਦਾ ਸੀ ਉਸ ਨੂੰ ਹੋਰ ਮਹੀਨੇ ਹੋਰ ਕੰਮ ਕਰਨ ਦੀ ਆਗਿਆ ਮਿਲਦੀ ਸੀ।ਪਰ ਜਨਵਰੀ ਮਹੀਨੇ ਤੋਂ 18 ਮਹੀਨੇ ਵਰਕ ਪਰਮਿਟ ਮਿਲਣ ਦੇ ਨਿਯਮ ਨੂੰ ਖ਼ਤਮ ਕਰ ਦਿੱਤਾ ਗਿਆ ਹੈ।ਪਰ ਇਸ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਜਿਨ੍ਹਾਂ ਵਿਅਕਤੀਆਂ ਦਾ ਵਰਕ ਪਰਮਿਟ 31 ਦਸੰਬਰ 2023 ਤੱਕ ਖ਼ਤਮ ਹੋ ਰਿਹਾ ਹੈ ਉਹ 18 ਮਹੀਨੇ ਦਾ ਵਰਕ ਪਰਮਿਟ ਅਪਲਾਈ ਕਰਨ ਦੇ ਯੋਗ ਹੋਣਗੇ।ਇਮੀਗ੍ਰੇਸ਼ਨ ਮਾਹਿਰ ਰਤਨਦੀਪ ਸਿੰਘ ਮੁਤਾਬਕ ਜੀਆਈਸੀ ਵਿੱਚ ਇੱਕ ਦਮ ਕੀਤਾ ਗਿਆ ਵਾਧਾ ਵਿਦਿਆਰਥੀਆਂ ਨੂੰ ਮਾਯੂਸ ਕਰਨ ਵਾਲਾ ਹੈ।ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਰਹਿਣ ਸੁਹਿਣ ਪਹਿਲਾਂ ਦੇ ਮੁਕਾਬਲੇ ਬਹੁਤ ਮਹਿੰਗਾ ਗਿਆ ਹੈ ਅਤੇ ਇਸ ਦੀ ਮਾਰ ਵਿਦਿਆਰਥੀਆਂ ਨੂੰ ਝੱਲਣੀ ਪੈ ਰਹੀ ਹੈ।ਉਨ੍ਹਾਂ ਆਖਿਆ ਕਿ ਇਸੇ ਕਰਕੇ ਪੰਜ ਤੋਂ ਛੇ ਵਿਦਿਆਰਥੀਆਂ ਬੇਸਮੈਂਟ ਵਿੱਚ ਰਹਿਣ ਲਈ ਮਜਬੂਰ ਹਨ।ਇਸ ਤੋਂ ਇਲਾਵਾ ਕੁਝ ਵਿਦਿਆਰਥੀ ਬਿਨ੍ਹਾਂ ਘਰਾਂ ਤੋਂ ਟੈਂਟਾਂ ਵਿੱਚ ਰਹਿ ਰਹੇ ਹਨ ਅਤੇ ਗੁਰਦੁਆਰਾ ਸਾਹਿਬ ਵਿੱਚ ਰੋਟੀ ਖਾ ਕੇ ਗੁਜ਼ਾਰਾ ਕਰਨ ਦੇ ਲਈ ਮਜਬੂਰ ਹਨ।ਰਤਨਦੀਪ ਸਿੰਘ ਮੁਤਾਬਕ ਬੇਸ਼ੱਕ ਜੀਆਈਸੀ ਵਿੱਚ ਵਾਧਾ ਕਰ ਕੇ ਕੈਨੇਡਾ ਆਰਥਿਕ ਤੌਰ ਉੱਤੇ ਮਜ਼ਬੂਤ ਵਿਦਿਆਰਥੀਆਂ ਨੂੰ ਪੜਾਈ ਲਈ ਬੁਲਾਉਣਾ ਚਾਹੁੰਦਾ ਹੈ ਪਰ ਚੰਗਾ ਹੁੰਦਾ ਇਹ ਵਾਧਾ ਹੌਲੀ ਹੌਲੀ ਹੁੰਦਾ।ਇਸ ਤੋਂ ਇਲਾਵਾ ਜਨਵਰੀ ਮਹੀਨੇ ਵਿੱਚ 18 ਮਹੀਨੇ ਵਰਕ ਪਰਮਿਟ ਦੀ ਸਕੀਮ ਬੰਦ ਕਰਨਾ ਦੀ ਮਾਰ ਵੀ ਵਿਦਿਆਰਥੀਆਂ ਉੱਤੇ ਪਵੇਗੀ ਜੋ ਕਿ ਉਨ੍ਹਾਂ ਨੂੰ ਮਾਯੂਸ ਕਰਨ ਵਾਲੀ ਹੈ।

# ਕੈਨੇਡਾ ਵੱਲੋਂ ਅਗਲੇ ਸਾਲ ਤੋਂ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਘਟਾਉਣ ਦੇ ਸੰਕੇਤ

## ਆਵਾਸ ਮੰਤਰੀ ਨੇ ਪ੍ਰਬੰਧਾਂ ਦੀ ਘਾਟ ਲਈ ਵਿੱਦਿਅਕ ਅਦਾਰਿਆਂ ਤੇ ਸੂਬਾ ਸਰਕਾਰਾਂ ਨੂੰ ਕੀਤੀ ਤਾੜਨਾ




ਵੈਨਕੂਵਰ- ਕੈਨੇਡਾ ਸਰਕਾਰ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਉਨ੍ਹਾਂ ਦੇ ਆਪਣੇ ਮੁਲਕ ਤੋਂ ਨਾਲ ਲਿਆਂਦੀ ਜਾਣ ਵਾਲੀ ਗੁਜ਼ਾਰਾ ਖ਼ਰਚੇ ਦੀ ਰਕਮ (ਜੀ.ਆਈ.ਸੀ.) ਦੁੱਗਣੀ ਕਰਨ ਤੋਂ ਬਾਅਦ ਆਵਾਸ ਮੰਤਰੀ ਨੇ ਸੰਕੇਤ ਦਿੱਤਾ ਹੈ ਕਿ ਅਗਲੇ ਸਾਲ ਤੋਂ ਕੌਮਾਂਤਰੀ ਵਿਦਿਅਕ ਵੀਜ਼ਿਆਂ ਦੀ ਗਿਣਤੀ ਘਟਾਈ ਜਾ ਸਕਦੀ ਹੈ।ਆਵਾਸ ਮੰਤਰੀ ਮਾਰਕ ਮਿਲਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਦਰਪੇਸ਼ ਔਕੜਾਂ ਦੇ ਹੱਲ ਲਈ ਸੂਬਾ ਸਰਕਾਰਾਂ ਤੇ ਉੱਚ ਸਿੱਖਿਆ ਵਾਲੇ ਅਦਾਰਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇ ਉਹ ਵਿਦਿਆਰਥੀਆਂ ਦੀਆਂ ਸਹੂਲਤਾਂ ਯਕੀਨੀ ਨਹੀਂ ਬਣਾਉਂਦੇ, ਤਾਂ ਫੈਡਰਲ ਸਰਕਾਰ ਵਲੋਂ ਚੁੱਕੇ ਜਾਣ ਵਾਲੇ ਸਖ਼ਤ ਕਦਮਾਂ ਦੀ ਮਾਰ ਸਹਿਣ ਕਰਨ ਲਈ ਵੀ ਤਿਆਰ ਰਹਿਣ। ਮੰਤਰੀ ਨੇ ਕਿਹਾ ਕਿ ਸਰਕਾਰ ਵਿਦਿਅਕ ਵੀਜ਼ਿਆਂ ਨੂੰ ਕੈਨੇਡਾ ‘ਚ ਵਸਣ ਦਾ ਜੁਗਾੜ ਬਣਾਈ ਰੱਖਣ ਦੀ ਥਾਂ ਦੇਸ਼ ਦੇ ਵਿਦਿਅਕ ਢਾਂਚੇ ਵਿਚ ਸੁਧਾਰ ਕਰਨ ਲਈ ਦ੍ਰਿੜ੍ਹ ਸੰਕਲਪ ਹੈ, ਜਿਸ ਲਈ ਸਖ਼ਤ ਫ਼ੈਸਲੇ ਲੈਣੇ ਜ਼ਰੂਰੀ ਹਨ। ਮੰਤਰੀ ਨੇ ਬੀਤੇ ਸਾਲਾਂ ਵਿਚ ਦਿੱਤੀਆਂ ਖੁੱਲ੍ਹਾਂ ਕਾਰਨ ਪੈਦਾ ਹੋਏ ਹਾਲਾਤ ਲਈ ਵਿਦਿਅਕ ਅਦਾਰਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਕਈ ਸਖ਼ਤ ਫੈਸਲਿਆਂ ਦਾ ਸੰਕੇਤ ਦਿੱਤਾ।ਉਨ੍ਹਾਂ ਤਾੜਨਾ ਭਰੇ ਲਹਿਜ਼ੇ ‘ਚ ਕਿਹਾ ‘ਹੁਣ ਤੱਕ ਬਹੁਤ ਹੋ ਗਿਆ, ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ’।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



**Need Company Drivers**
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਗੁਰਦਾਸਪੁਰ ਝੂਠਾ ਪੁਲਿਸ ਮੁਕਾਬਲਾ:30 ਸਾਲਾਂ ਬਾਅਦ ਦਰਜ ਐੱਫ਼ਆਈਆਰ ਨਿਆਂ ਦੀ ਲੜਾਈ ਦੌਰਾਨ ਵਿਕ ਗਿਆ ਘਰ ਤੇ ਉੱਜੜ ਗਿਆ ਟੱਬਰ



ਕਾਲਾ ਅਫਗਾਨਾ:-"ਮੈਂ ਉਸ ਵੇਲੇ ਗਰਭਵਤੀ ਸੀ ਜਦੋਂ ਤਿੰਨ-ਚਾਰ ਲੋਕ ਸਾਡੇ ਪਿੰਡ ਆਏ ਅਤੇ ਮੇਰੇ ਪਤੀ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਏ""ਮੇਰੀ ਸੱਸ ਅਤੇ ਸਹੁਰੇ ਨੇ ਉਨ੍ਹਾਂ ਦੀ ਭਾਲ ਲਈ ਕੋਈ ਸਰਕਾਰੀ ਦਫ਼ਤਰ ਨਹੀਂ ਛੱਡਿਆ, ਪਰ ਨਾ ਮੇਰੇ ਪਤੀ ਵਾਪਸ ਆਏ ਤੇ ਨਾਂ ਉਨ੍ਹਾਂ ਦੀ ਲਾਸ਼।"ਇਹ ਬੋਲ ਦਲਬੀਰ ਕੌਰ ਦੇ ਹਨ।ਦਲਬੀਰ ਕੌਰ ਦੀ ਉਮਰ 19 ਸਾਲਾਂ ਦੀ ਸੀ, ਜਦੋਂ ਉਨ੍ਹਾਂ ਦੇ 23 ਸਾਲਾ ਪਤੀ ਸੁਖਪਾਲ ਸਿੰਘ ਨੂੰ ਕਥਿਤ ਪੁਲਿਸ ਮੁਕਾਬਲੇ ਵਿੱਚ ਮੁਕਾ ਦਿੱਤਾ ਗਿਆ ਸੀ।ਦਲਬੀਰ ਕੌਰ ਦੱਸਦੇ ਹਨ ਕਿ ਉਨ੍ਹਾਂ ਦੇ ਪਤੀ ਸੁਖਪਾਲ ਸਿੰਘ ਨੂੰ ਚਾਰ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਪੁਲਿਸ ਵਰਦੀ ਵਿੱਚ ਸਨ, ਗੁਰਦਾਸਪੁਰ 'ਚ ਪੈਂਦੇ ਪਿੰਡ ਕਾਲਾ ਅਫ਼ਗਾਨਾ ਵਿਚਲੇ ਉਨ੍ਹਾਂ ਦੇ ਘਰੋਂ ਆਪਣੇ ਨਾਲ ਲੈ ਗਏ ਸਨ। 'ਮੈਂ ਲਾਸ਼ ਦੇਖ ਲੈਂਦੀ, ਭੋਗ ਪਾ ਲੈਂਦੀ ਤਾਂ ਤਸੱਲੀ ਹੋ ਜਾਂਦੀ'।

ਉਹ ਦੱਸਦੇ ਹਨ, ਉਹ ਸੁਖਪਾਲ ਸਿੰਘ ਨੂੰ ਮਰੂਤੀ ਗੱਡੀ ਵਿੱਚ ਪਾ ਕੇ ਲੈ ਗਏ। ਉਨ੍ਹਾਂ ਨੇ ਕਿਹਾ ਕਿ ਸੁਖਪਾਲ ਸਿੰਘ ਨੂੰ ਪੁਲਿਸ ਅਫ਼ਸਰਾਂ ਨੇ ਬੁਲਾਇਆ ਹੈ।ਦਲਬੀਰ ਕੌਰ ਦੱਸਦੇ ਹਨ ਕਿ ਪੁਲਿਸ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਥੋੜ੍ਹੇ ਦਿਨਾਂ ਦੀ ਪੁੱਛਗਿੱਛ ਤੋਂ ਬਾਅਦ ਵਾਪਿਸ ਭੇਜ ਦਿੱਤਾ ਜਾਵੇਗਾ।

13 ਜੁਲਾਈ 1994 ਨੂੰ ਸ਼ੁਰੂ ਹੋਈ ਦਲਬੀਰ ਕੌਰ ਦੀ ਇਹ ਉਡੀਕ ਹਾਲੇ ਤੱਕ ਜਾਰੀ ਹੈ।

ਪਹਿਲਾਂ ਉਨ੍ਹਾਂ ਨੂੰ ਉਡੀਕ ਸੀ ਕਿ ਉਹ ਆਪਣੇ ਪਤੀ ਨੂੰ ਦੁਬਾਰਾ ਮਿਲਣਗੇ ਤੇ ਹੁਣ ਉਹ ਆਪਣੇ ਪਤੀ ਦੇ ਝੂਠੇ ਮੁਕਾਬਲੇ ਦੇ ਕੇਸ ਵਿੱਚ ਇਨਸਾਫ਼ ਉਡੀਕ ਰਹੇ ਹਨ।

ਦਲਬੀਰ ਕੌਰ ਨੇ ਦੱਸਿਆ, "ਇੱਕ ਦਿਨ ਮਾਤਾ ਨੇ ਅਖ਼ਬਾਰ 'ਚ ਨਾਮੀ ਅੱਤਵਾਦੀ ਗੁਰਨਾਮ ਸਿੰਘ ਬੰਡਾਲਾ ਬਾਰੇ ਲੱਗੀ ਖ਼ਬਰ ਪੜ੍ਹੀ। ਇਹ ਖ਼ਬਰ ਬੰਡਾਲਾ ਦੇ ਪੁਲਿਸ ਨਾਲ ਹੋਏ ਕਥਿਤ ਮੁਕਾਬਲੇ ਵਿੱਚ ਹੋਈ ਮੌਤ ਬਾਰੇ ਸੀ।"ਸੁਖਪਾਲ ਸਿੰਘ ਦੇ ਪਿਤਾ ਜਗੀਰ ਸਿੰਘ ਕਹਿੰਦੇ ਹਨ ਕਿ ਜਦੋਂ ਗੁਰਨਾਮ ਸਿੰਘ ਬੰਡਾਲਾ ਦੀ ਮੌਤ ਦੀ ਖ਼ਬਰ ਆਈ ਤਾਂ ਮੈਂ ਆਪਣੀ ਘਰਵਾਲੀ ਨੂੰ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਗੁਰਨਾਮ ਦੀ ਥਾਂ ਸੁਖਪਾਲ ਦਾ ਮੁਕਾਬਲਾ ਬਣਿਆ ਹੈ।"ਸਾਨੂੰ ਸੀ ਕਿ ਇਨਸਾਫ਼ ਮਿਲ ਜਾਵੇਗਾ, ਓਦੋਂ ਮਿਲਿਆ ਨਹੀਂ ਹੁਣ ਦਾ ਪਤਾ ਨਹੀਂ।"ਦਲਬੀਰ ਕੌਰ ਦੱਸਦੇ ਹਨ, "ਸਾਨੂੰ ਬਾਅਦ 'ਚ ਪਤਾ ਲੱਗਾ ਕਿ ਬੰਡਾਲਾ ਦੀ ਥਾਂ ਸੁਖਪਾਲ ਸਿੰਘ ਦਾ ਕਥਿਤ ਝੂਠਾ ਮੁਕਾਬਲਾ ਬਣਾਇਆ ਗਿਆ ਸੀ।"

"ਮੇਰੀ ਸੱਸ ਅਤੇ ਸਹੁਰੇ ਨੇ ਅਦਾਲਤਾਂ ਤੱਕ ਪਹੁੰਚ ਕੀਤੀ, ਚੰਡੀਗੜ੍ਹ ਤੱਕ ਚੱਕਰ ਲਾਏ, ਮੇਰੀ ਸੱਸ ਗੁਰਭਜਨ ਕੌਰ ਆਪਣੇ ਪੁੱਤ ਦੀ ਮੌਤ ਦਾ ਸਦਮਾ ਨਾ ਸਹਾਰਦਿਆਂ ਸੰਸਾਰ ਤੋਂ ਚਲੇ ਗਏ।"ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਉਨ੍ਹਾਂ ਦਾ ਪਰਿਵਾਰ ਸੁਖਪਾਲ ਸਿੰਘ ਦੀਆਂ ਅੰਤਿਮ ਰਸਮਾਂ ਵੀ ਨਹੀਂ ਕਰ ਸਕਿਆ।

ਦਲਬੀਰ ਕੌਰ ਦੀ ਧੀ ਦਾ ਵਿਆਹ ਹੋ ਚੁੱਕਾ ਹੈ, ਜਦਕਿ ਉਨ੍ਹਾਂ ਦੇ ਪੁੱਤਰ ਦੀ 16 ਸਾਲ ਦੀ ਉਮਰ ਵਿੱਚ ਇੱਕ ਹਾਦਸੇ ਵਿੱਚ ਮੌਤ ਹੋ ਗਈ।ਦਲਬੀਰ ਕੌਰ ਨੇ ਦੱਸਿਆ, "ਮੇਰਾ ਪੁੱਤ ਘਰ ਦੇ ਹਾਲਾਤਾਂ ਕਾਰਨ ਬਿਮਾਰ ਰਹਿਣ ਲੱਗ ਪਿਆ ਸੀ, ਤੰਗੀ ਕਾਰਨ ਮੈਂ ਉਸਦਾ ਇਲਾਜ ਵੀ ਨਹੀਂ ਕਰਵਾ ਸਕੀ ਸੀ।"ਦਲਬੀਰ ਕੌਰ ਨੇ ਦੱਸਿਆ ਕਿ ਸੁਖਪਾਲ ਸਿੰਘ ਦੇ ਮਾਪਿਆਂ ਨੇ ਆਪਣੇ ਜਵਾਨ ਪੁੱਤ ਨੂੰ ਲੱਭਣ ਦੇ ਲੱਖ ਹੀਲੇ ਕੀਤੇ, ਪਰ ਉਸਦਾ ਕੋਈ ਥਹੁ ਪਤਾ ਨਹੀਂ ਲੱਗਾ।

ਦਲਬੀਰ ਕੌਰ ਨੇ ਦੱਸਿਆ ਕਿ ਸੁਖਪਾਲ ਸਿੰਘ ਦੀ ਮਾਤਾ ਗੁਰਭਜਨ ਕੌਰ ਨੇ ਕਈ ਸਾਲ ਆਪਣੇ ਪੁੱਤ ਦੀ ਭਾਲ ਲਈ ਚਾਰਾਜੋਈ ਕੀਤੀ ਪਰ ਪੁੱਤ ਦੇ ਲਾਪਤਾ ਹੋਣ ਦੇ ਸਦਮੇ ਦੇ ਚਲਦਿਆਂ ਉਨ੍ਹਾਂ ਦੀ ਸਿਹਤ ਕਾਫ਼ੀ ਵਿਗੜ ਗਈ ਸੀ ਅਤੇ ਉਨ੍ਹਾਂ ਦੀ ਮੌਤ ਹੋ ਗਈ ਸੀ।ਉਨ੍ਹਾਂ ਦੱਸਿਆ ਕਿ ਤਿੰਨ ਦਿਨ ਉਡੀਕਣ ਤੋਂ ਬਾਅਦ ਉਨ੍ਹਾਂ ਦੀ ਮਾਤਾ ਫਤਿਹਗੜ੍ਹ ਚੂੜੀਆਂ ਵਿਖੇ ਆਪਣੇ ਪੁੱਤ ਦੀ ਭਾਲ ਲਈ ਗਏ।"ਪੁਲਿਸ ਵਾਲਿਆਂ ਨੇ ਮਾਤਾ ਜੀ ਨੂੰ ਕਿਹਾ ਕਿ ਤੁਹਾਡਾ ਮੁੰਡਾ ਹੁਣ ਕਦੇ ਨਹੀਂ ਵਾਪਸ ਆਵੇਗਾ।"

ਦਲਬੀਰ ਕੌਰ ਨੇ ਇਹ ਵੀ ਦਾਅਵਾ ਕੀਤਾ ਕਿ ਸੁਖਪਾਲ ਸਿੰਘ ਦੀ ਮਾਤਾ ਨੂੰ ਪੁਲਿਸ ਨੇ ਚਾਰ ਦਿਨ ਹਿਰਾਸਤ ਵਿੱਚ ਰੱਖਿਆ ਅਤੇ 'ਇੰਟੈਰੋਗੇਟ' ਕੀਤਾ।"ਤਿੰਨ ਦਿਨ ਰੁਕਣ ਮਗਰੋਂ ਮਾਤਾ ਜੀ ਬਟਾਲੇ ਗਏ ਉੱਥੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਰੱਖ ਕੇ ਇੰਟੈਰੋਗੇਟ ਕੀਤਾ।"ਉਨ੍ਹਾਂ ਦੱਸਿਆ ਕਿ ਫਿਰ ਪਿੰਡ ਵਾਲੇ ਜਾ ਕੇ ਮਾਤਾ ਜੀ ਨੂੰ ਛੁਡਾ ਕੇ ਲਿਆਏ।

ਦਲਬੀਰ ਕੌਰ ਦੱਸਦੇ ਹਨ, "ਬਹੁਤ ਦੇਰ ਬਾਅਦ ਮਾਤਾ ਜੀ ਨੂੰ ਪਤਾ ਲੱਗਾ ਕਿ ਗੁਰਨਾਮ ਸਿੰਘ ਬੰਡਾਲਾ ਜਿਊਂਦਾ ਹੈ ਅਤੇ ਜੇਲ੍ਹ ਵਿੱਚ ਹੈ, ਮਾਤਾ ਉਸ ਨੂੰ ਜੇਲ੍ਹ ਮਿਲਣ ਲਈ ਵੀ ਗਈ।"

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੱਸ ਗੁਰਬਚਨ ਕੌਰ ਅਵਤਾਰ ਸਿੰਘ ਤਾਰੀ ਨਾਂਅ ਦੇ ਵਿਅਕਤੀ ਕੋਲ ਵੀ ਗਏ। ਇਹ ਸੁਖਪਾਲ ਸਿੰਘ ਨੂੰ ਘਰੋਂ ਲੈ ਕੇ ਜਾਣ ਵਾਲੇ ਵਿਅਕਤੀਆਂ ਵਿੱਚੋਂ ਇੱਕ ਸੀ।ਐਫਆਈਆਰ ਵਿੱਚ ਦਰਜ ਬਿਆਨਾਂ ਮੁਤਾਬਕ ਅਵਤਾਰ ਸਿੰਘ ਤਾਰੀ ਪੁਲਿਸ ਕੈਟ ਵਜੋਂ ਕੰਮ ਕਰ ਰਿਹਾ ਸੀ। ਇਸ ਵਿੱਚ ਸੁਖਵਿੰਦਰ ਸਿੰਘ ਨਾਂਅ ਦੇ ਪੁਲਿਸ ਕੈਟ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ।

ਉਨ੍ਹਾਂ ਨੇ ਗੁਰਨਾਮ ਸਿੰਘ ਬੰਡਾਲਾ ਦੀ ਥਾਂ ਸੁਖਪਾਲ ਸਿੰਘ ਨੂੰ ਦਾ ਕਥਿਤ ਝੂਠਾ ਮੁਕਾਬਲਾ ਦਿਖਾ ਕੇ 5 ਲੱਖ ਦੀ ਇਨਾਮੀ ਰਕਮ ਹਾਸਲ ਕਰ ਲਈ ਸੀ।ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ ਅਵਤਾਰ ਸਿੰਘ ਨੂੰ ਦਸੰਬਰ 2022 ਵਿੱਚ "ਪ੍ਰੋਕਲੇਮਡ ਓਫੈਂਡਰ' ਐਲਾਨਿਆ ਗਿਆ ਸੀ।

1994 ਵਿੱਚ ਹੋਏ ਇਸ ਕਥਿਤ ਫਰਜ਼ੀ ਮੁਕਾਬਲੇ ਦੇ ਕੇਸ ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਬਣੀ ਇੱਕ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਕਿ ਇਹ ਮੁਕਾਬਲਾ ਝੂਠਾ ਸੀ।ਇਸ ਮਾਮਲੇ ਵਿੱਚ ਇੱਕ ਨਵਾਂ ਅਪਰਾਧਕ ਕੇਸ ਦਰਜ ਕੀਤਾ ਗਿਆ ਹੈ।

ਸਬੂਤਾਂ ਨਾਲ ਛੇੜਛਾੜ ਦੇ ਮਾਮਲੇ ਵਿੱਚ ਕੀਤੀ ਗਈ ਇਸ ਐੱਫਆਈਆਰ ਵਿੱਚ ਸਾਬਕਾ ਆਈ ਜੀ ਪੰਜਾਬ ਪੁਲਿਸ ਪਰਮਰਾਜ ਸਿੰਘ ਉਮਰਾਨੰਗਲ ਦਾ ਵੀ ਨਾਂਅ ਦਰਜ ਹੈ।ਇਹ ਐੱਫਆਈਆਰ 21 ਅਕਤੂਬਰ 2023 ਨੂੰ ਰੂਪਨਗਰ ਵਿੱਚ ਹੋਈ।ਇਸ ਵਿੱਚ ਪਰਮਰਾਜ ਸਿੰਘ ਉਮਰਾਨੰਗਲ(ਉਸ ਵੇਲੇ ਡਿਪਟੀ ਸੁਪਰੀਟੈਂਡੈਂਟ ਆਫ ਪੁਲਿਸ, ਜਸਪਾਲ ਸਿੰਘ(ਏਐੱਸਆਈ) ਅਤੇ ਗੁਰਦੇਵ ਸਿੰਘ ਨੂੰ ਮੁਲਜ਼ਮ ਬਣਾਇਆ ਗਿਆ ਹੈ।ਗੁਰਦੇਵ ਸਿੰਘ ਦੀ ਮੌਤ ਹੋ ਗਈ ਹੈ।ਪਰਮਰਾਜ ਸਿੰਘ ਉਮਰਾਨੰਗਲ 2015 ਬਰਗਾੜੀ ਗੋਲੀਕਾਂਡ ਕੇਸ ਵਿੱਚ ਮੁਅੱਤਲ ਚੱਲ ਰਹੇ ਹਨ।

2007 ਤੋਂ ਪੀੜਤ ਪਰਿਵਾਰ ਦਾ ਕੇਸ ਲੜ ਰਹੇ ਐਡਵੋਕੇਟ ਪਰਦੀਪ ਵਿਰਕ ਨੇ ਦੱਸਿਆ ਕਿ ਪਰਿਵਾਰ ਨੇ 2013 ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਪਾਈ ਸੀ।ਜਿਸ ਤੋਂ ਬਾਅਦ ਇੱਕ ਐੱਸਆਈਟੀ ਉਸ ਵੇਲੇ ਬਣੀ ਸੀ ਜਿਸ ਵੇਲੇ ਸੁਮੇਧ ਸੈਣੀ ਪੰਜਾਬ ਦੇ ਪੁਲਿਸ ਮੁਖੀ ਸਨ।ਮੌਜੂਦਾ ਐੱਸਆਈਟੀ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ 2019 ਵਿੱਚ ਬਣਾਈ ਗਈ ਸੀ।ਉਨ੍ਹਾਂ ਦੱਸਿਆ ਕਿ ਜਾਂਚ ਤੋਂ ਬਾਅਦ ਇਸ ਮਾਮਲੇ ਵਿੱਚ ਚਲਾਨ ਪੇਸ਼ ਹੋਵੇਗਾ, ਜਿਸ ਤੋਂ ਬਾਅਦ ਅੱਗੇ ਦੀ ਪ੍ਰਕਿਰਿਆ ਚੱਲੇਗੀ।ਉਨ੍ਹਾਂ ਕਿਹਾ ਕਿ ਜੇਕਰ ਮਾਮਲੇ ਵਿੱਚ ਨਾਮਜ਼ਦ ਲੋਕ ਜ਼ਮਾਨਤ ਲਈ ਅਰਜ਼ੀ ਪਾਉਣਗੇ ਤਾਂ ਉਹ ਉਨ੍ਹਾਂ ਦਾ ਅਦਾਲਤ ਵਿੱਚ ਵਿਰੋਧ ਕਰਨਗੇ।ਉਨ੍ਹਾਂ ਕਿਹਾ, "ਐੱਫਆਈਆਰ ਤੱਕ ਪਹੁੰਚਣ ਦਾ ਸਫ਼ਰ ਕਾਫ਼ੀ ਲੰਬਾ ਸੀ ਅਤੇ ਹੋਰ ਲੰਬੀ ਲੜਾਈ ਬਾਕੀ ਹੈ।"

ਦਹਾਕਿਆਂ ਲੰਬੀ ਕਾਨੂੰਨੀ ਚਾਰਾਜੋਈ ਦੇ ਚਲਦਿਆਂ ਦਲਬੀਰ ਕੌਰ ਦੇ ਪਰਿਵਾਰ ਦੀ ਕਾਲਾ ਅਫ਼ਗਾਨਾ ਪਿੰਡ ਵਿਚਲੀ ਜ਼ਮੀਨ ਅਤੇ ਘਰ ਤੱਕ ਵਿਕ ਗਏ।ਦਲਬੀਰ ਕੌਰ ਆਪਣੇ ਮਾਪਿਆਂ ਨਾਲ ਰਹਿੰਦੇ ਹਨ। ਉਹ ਕਹਿੰਦੇ ਹਨ, "ਮੈਨੂੰ ਕਈ ਤਰ੍ਹਾਂ ਦੇ ਡਰਾਵੇ ਵੀ ਦਿੱਤੇ ਗਏ ਪਰ ਮੈਂ ਆਪਣਾ ਸੰਘਰਸ਼ ਜਾਰੀ ਰੱਖਿਆ।"ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੁਲਜ਼ਮ ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਐੱਫਆਈਆਰ ਦਰਜ ਹੋਈ ਹੈ, ਪਰ ਇਨਸਾਫ਼ ਹਾਲੇ ਬਾਕੀ ਹੈ।""ਮੇਰਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਜ਼ਿੰਮੇਵਾਰ ਵਿਅਕਤੀਆਂ ਨੂੰ ਢੁੱਕਵੀਂ ਸਜ਼ਾ ਨਹੀ ਮਿਲਦੀ।"

# ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਵਾਸਤੇ ਗੁ. ਬੰਗਲਾ ਸਾਹਿਬ ਤੋਂ ਸੰਸਦ ਵੱਲ ਕੱਢਿਆ ਗਿਆ ਰੋਸ ਮਾਰਚ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਵਾਸਤੇ ਅਤੇ ਦੇਸ਼ ਵਿੱਚ ਸਿੱਖਾਂ ਨਾਲ 2 ਨੰਬਰ ਦੇ ਸ਼ਹਿਰੀਆਂ ਵਾਲਾ ਸਲੂਕ ਕਰਨ, ਘੱਟ ਗਿਣਤੀਆਂ ਦੇ ਕੁਚਲੇ ਜਾ ਰਹੇ ਮਨੁੱਖੀ ਹੱਕਾਂ ਦੀ ਆਵਾਜ਼ ਵਿਸ਼ਵ ਦੇ ਲੋਕਾਂ ਸਾਹਮਣੇ ਰੱਖ ਲਈ ਕੇਸਰੀ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਵੱਖ-ਵੱਖ ਧਾਰਮਿਕ, ਸਮਾਜਿਕ, ਰਾਜਨੀਤਿਕ, ਵਪਾਰਕ, ਕਿਸਾਨ, ਮਜਦੂਰਾਂ, ਮੁਲਾਜਮਾਂ ਦੀਆਂ ਜਥੇਬੰਦੀਆਂ ਵਲੋਂ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਤੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸੰਸਦ ਵੱਲ ਰੋਸ ਮਾਰਚ ਕਢਿਆ ਗਿਆ।ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕ ਜਥੇਦਾਰ ਅਤੇ ਸਰਪ੍ਰਸਤ ਇੰਟਰਨੈਸ਼ਨਲ ਪੰਥਕ ਅਕਾਲ ਦਲ ਦੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਦੱਸਿਆ ਕਿ 10 ਦਸੰਬਰ ਨੂੰ ਜਦੋਂ ਸਮੁੱਚੇ ਵਿਸ਼ਵ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਸਬੰਧੀ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਉਸ ਸਮੇਂ ਅਸੀਂ ਦਿੱਲੀ ਦੇ ਸੰਸਦ ਭਵਨ ਅੱਗੇ ਭਾਰਤੀ ਸਿੱਖਾਂ ਦੇ ਕੁਚਲੇ ਜਾ ਰਹੇ ਹੱਕਾ ਬਾਰੇ' ਵਿਸ਼ਵ ਨੂੰ ਜਾਣੂ ਕਰਵਾਉਣ ਲਈ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਸੰਸਦ ਭਵਨ ਤੱਕ ਸ਼ਾਂਤਮਈ ਰੋਸ ਮਾਰਚ ਕਰ ਰਹੇ ਹਾਂ। ਰੋਸ ਮਾਰਚ ਵਿਚ ਸੰਗਤਾਂ ਸਤਿਨਾਮ ਵਾਹਿਗੁਰੂ ਦੇ ਜਾਪ ਦੌਰਾਨ ਸਿੱਖਾਂ ਨਾਲ ਹੋ ਰਹੀਆ ਧੱਕੇਸ਼ਾਹੀਆਂ, ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਦੀ ਆਵਾਜ਼ ਹੀ ਬੁਲੰਦ ਕਰ ਰਹੀਆਂ ਸਨ।

# ਮੰਦਰ ਵਿੱਚ ਢੋਲ ਵਜਾਉਣ ਤੋਂ ਇਨਕਾਰ ਕਰਨ ਤੇ ਦਲਿਤ ਬਜ਼ੁਰਗ ਦੀ ਕੁੱਟਮਾਰ

ਬੈਂਗਲੁਰੂ: ਮੈਸੂਰ ਜ਼ਿਲੇ ਦੇ ਪੇਰੀਆਪਟਨਾ ਤਾਲੁਕ ਦੇ ਮਕੋਡੂ ਪਿੰਡ ਦੇ ਇਕ ਮੰਦਰ ਵਿਚ ਸਾਲਾਨਾ ਪੂਜਾ ਸਮਾਰੋਹ ਦੌਰਾਨ ਢੋਲ ਵਜਾਉਣ ਤੋਂ ਇਨਕਾਰ ਕਰਨ 'ਤੇ ਇਕ ਵਿਅਕਤੀ ਨੇ 65 ਸਾਲਾ ਦਲਿਤ ਵਿਅਕਤੀ ਦੀ ਕੁੱਟਮਾਰ ਕੀਤੀ।ਪੇਰੀਯਾਪਟਨਾ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਐਮ ਸ਼੍ਰੀਧਰ ਨੇ ਕਿਹਾ, "ਦੋਸ਼ੀ ਕੁਮਾਰ ਨੇ ਪਰਮੱਈਆ ਨੂੰ ਬਸਵੇਸ਼ਵਰ ਮੰਦਰ ਦੀ ਸਾਲਾਨਾ ਪੂਜਾ ਵਿਚ ਢੋਲ ਵਜਾ ਕੇ ਹਿੱਸਾ ਲੈਣ ਲਈ ਬੁਲਾਇਆ, ਪਰ ਪਰਮੱਈਆ ਦੀ ਸਿਹਤ ਠੀਕ ਨਾ ਹੋਣ ਕਾਰਨ ਇਨਕਾਰ ਕਰ ਦਿੱਤਾ।

ਇੰਸਪੈਕਟਰ ਨੇ ਅੱਗੇ ਕਿਹਾ, "ਜਵਾਬ ਤੋਂ ਗੁੱਸੇ ਵਿੱਚ, ਕੁਮਾਰ ਨੇ ਕਥਿਤ ਤੌਰ 'ਤੇ ਪਰਮਾਯ ਦੀ ਕੁੱਟਮਾਰ ਕੀਤੀ ਅਤੇ ਜਾਤੀ ਦੇ ਨਾਮ 'ਤੇ ਉਸ ਨਾਲ ਦੁਰਵਿਵਹਾਰ ਕੀਤਾ।ਅਧਿਕਾਰੀਆਂ ਦੇ ਅਨੁਸਾਰ, ਪਿੰਡ ਵਿੱਚ ਇੱਕ ਬਸਵੇਸ਼ਵਰ ਮੰਦਰ ਹੈ, ਅਤੇ ਸਾਰੇ ਭਾਈਚਾਰੇ ਦਹਾਕਿਆਂ ਤੋਂ ਮਿਲ ਕੇ ਸਾਲਾਨਾ ਪੂਜਾ ਮਨਾਉਂਦੇ ਆ ਰਹੇ ਹਨ।

ਢੋਲ ਵਜਾਉਣਾ ਦਲਿਤ ਭਾਈਚਾਰੇ ਲਈ ਰਵਾਇਤੀ ਕੰਮ ਹੈ। ਜਦੋਂ ਪਰਮੱਈਆ ਨੇ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਕੁਮਾਰ ਗੁੱਸੇ ਵਿੱਚ ਆ ਗਿਆ।"ਪਰਮਾਯਾ ਦੇ ਬੇਟੇ ਬਾਸਵਰਾਜੂ ਨੇ ਕਿਹਾ ਕਿ "ਮੇਰੇ ਪਿਤਾ ਦੀ ਸਿਹਤ ਠੀਕ ਨਹੀਂ ਹੈ, ਇਸ ਲਈ ਉਨ੍ਹਾਂ ਨੇ ਢੋਲ ਵਜਾਉਣ ਤੋਂ ਇਨਕਾਰ ਕਰ ਦਿੱਤਾ।

ਮੈਂ ਮੰਦਰ ਕਮੇਟੀ ਨੂੰ ਸੂਚਿਤ ਕੀਤਾ ਕਿ ਮੈਂ ਜ਼ਿੰਮੇਵਾਰੀ ਨਿਭਾਵਾਂਗਾ, ਪਰ ਮੁਲਜ਼ਮਾਂ ਨੇ ਮੇਰੇ ਪਿਤਾ ਨੂੰ ਢੋਲ ਵਜਾਉਣ ਲਈ ਮਜਬੂਰ ਕਰ ਦਿੱਤਾ। ਜਦੋਂ ਮੇਰੇ ਪਿਤਾ ਨੇ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਅਤੇ ਦੁਰਵਿਵਹਾਰ ਕੀਤਾ ਗਿਆ, "ਪਰਮਾਯਾ ਦੇ ਬੇਟੇ ਬਾਸਵਰਾਜੂ ਨੇ ਦਾਅਵਾ ਕੀਤਾ।

FARM
MORTGAGE
SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Professional Mortgage Consultants Plus
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
5 YEAR FIXED
5.29 %*
QUICK & EASY
APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# ਬੰਦੀ ਸਿੰਘ ਤਾਂ ਕਈ ਸਾਲ ਪਹਿਲਾਂ ਹੀ ਆਜ਼ਾਦੀ ਪ੍ਰਾਪਤ ਕਰ ਲੈਂਦੇ ਜੇ ਪੰਥ ਦੇ ਅਖੌਤੀ ਲੀਡਰਾਂ ਦੇ ਮਨ ਸਾਫ਼ ਹੁੰਦੇ



ਦਹਾਕਿਆਂ ਤੋਂ ਜੇਲਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਦਾ ਮੁੱਦਾ ਹੁਣ ਸੱਤਾ ’ਤੋਂ ਵਾਂਝਾ ਅਕਾਲੀ ਦਲ, ਮਜਬੂਰੀ ਵੱਸ ਚੁੱਕਣ ਦਾ ਯਤਨ ਕਰ ਰਿਹਾ ਹੈ। ਸਿਆਸਤਦਾਨਾਂ ਦੇ ਆਦੇਸ਼ ਅਨੁਸਾਰ ਸਾਰੇ ਧਾਰਮਕ ਆਗੂ ਵੀ ਮਾਮਲਾ ਚੁੱਕ ਰਹੇ ਹਨ ਤੇ ਸਿਆਸਤਦਾਨ ਬਿਆਨਬਾਜ਼ੀ ਕਰ ਰਹੇ ਹਨ। ਦਿੱਲੀ ਵਾਲਿਆਂ ਦਾ ਕਹਿਣਾ ਹੈ ਕਿ ਮਾਮਲਾ ਕਾਨੂੰਨ ਅਨੁਸਾਰ ਹੀ ਤੈਅ ਹੋਵੇਗਾ।

ਬਾਦਲ ਅਕਾਲੀ ਦਲ ਦੀ ਇਕ ਐਸਜੀਪੀਸੀ ਮੈਂਬਰ ਬੀਬੀ ਕਿਰਨਜੋਤ ਕੌਰ ਕਹਿੰਦੇ ਹਨ ਕਿ ਐਸਜੀਪੀਸੀ ਨੇ ਵਕੀਲਾਂ ’ਤੇ ਲੱਖਾਂ ਰੁਪਏ ਖ਼ਰਚ ਕਰ ਦਿਤੇ, ਹੋਰ ਕੀ ਕਰਦੀ? ਇਹ ਸਾਰੇ ਦੇ ਸਾਰੇ ਇਕ ਪਲ ਵਾਸਤੇ ਵੀ ਸਿੱਖ ਨਸਲਕੁਸ਼ੀ ਦੇ ਦਰਦ ਨੂੰ ਬਿਨਾਂ ਸਮਝੇ ਅਪਣੀ ਗਵਾਚ ਚੁੱਕੀ ਸਾਖ ਨੂੰ ਬਹਾਲ ਕਰਨ ਵਾਸਤੇ ਆਮ ਸਿੱਖ ਦੇ ਮਨ ਵਿਚ ਰਿਸਦੇ ਜ਼ਖ਼ਮਾਂ ਉਤੇ ਲੂਣ ਹੀ ਛਿੜਕ ਰਹੇ ਹਨ।

ਅੱਜ ਕੋਈ ਸੱਚਾ ਸਿੱਖ ਆਗੂ ਹੁੰਦਾ ਤਾਂ ਉਹ ਅਦਾਲਤਾਂ ਤੇ ਸਰਕਾਰਾਂ ਸਾਹਮਣੇ ਦਲੀਲ ਪੇਸ਼ ਕਰਦਾ ਤੇ ਆਖਦਾ ਕਿ ਇਹ ਕਾਨੂੰਨੀ ਮੁੱਦਾ ਨਹੀਂ, ਇਹ ਸਿਆਸੀ ਲਾਹੇ ਲੈਣ ਦਾ ਵਕਤ ਨਹੀਂ, ਇਹ ਸਿੱਖ ਕੌਮ ਦੀ ਰੂਹ ਨੂੰ ਲੱਗੀ ਠੇਸ ਨੂੰ ਮਲ੍ਹਮ ਲਗਾਉਣ ਦਾ ਮਾਮਲਾ ਹੈ। ਅੱਜ ਵਾਰ-ਵਾਰ ਪ੍ਰਧਾਨ ਮੰਤਰੀ ਸਿੱਖ ਕੌਮ ਨੂੰ ਆਖਦੇ ਹਨ ਕਿ ਉਹ ਉਨ੍ਹਾਂ ਦੇ ਅਪਣੇ ਹਨ, ਭਾਜਪਾ ਸਰਕਾਰ ਸਿੱਖਾਂ ਤੇ ਪੰਜਾਬ ਪ੍ਰਤੀ ਬੇਹੱਦ ਸਤਿਕਾਰ ਰਖਦੀ ਹੈ।

ਤਾਂ ਫਿਰ ਕੋਈ ਅੱਜ ਖੜਾ ਹੋ ਕੇ ਪੁਛਦਾ ਕਿਉਂ ਨਹੀਂ ਕਿ, ਜੋ ਕੁੱਝ ਬੰਦੀ ਸਿੰਘਾਂ ਨੇ ਕੀਤਾ, ਕੀ ਉਹ ਸਰਕਾਰ ਵਿਰੁਧ ਸਾਜ਼ਿਸ਼ ਸੀ ਜਾਂ ਸਰਕਾਰਾਂ ਦੀ ਸਿੱਖ ਨੌਜਵਾਨਾਂ ਨੂੰ ਖ਼ਤਮ ਕਰ ਦੇਣ ਦੀ ਨੀਤੀ ਵਿਰੁਧ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਵਰਗਾ ਜ਼ੋਰਦਾਰ, ਭਾਵੇਂ ਲੋੜ ਤੋਂ ਜ਼ਿਆਦਾ ਰੋਸ ਪ੍ਰਗਟਾਵਾ ਸੀ? ਉਸ ਵਕਤ ਜੋ ਕੁੱਝ ਸਰਕਾਰ, ਨਿਆਂਪਾਲਿਕਾ ਤੇ ਅਫ਼ਸਰਸ਼ਾਹੀ ਨੇ ਕੀਤਾ, ਕੀ ਉਹ ਸਹੀ ਸੀ?ਜੇ ਉਸ ਸਮੇਂ ਦਰਬਾਰ ਸਾਹਿਬ ’ਤੇ ਹਮਲਾ ਨਾ ਕੀਤਾ ਹੁੰਦਾ, ਜੇ ਦਿੱਲੀ ਵਿਚ ਨਸਲਕੁਸ਼ੀ ਨਾ ਕੀਤੀ ਹੁੰਦੀ ਤਾਂ ਕੀ ਕਿਸੇ ਸਿੱਖ ਨੇ ਹਥਿਆਰ ਚੁਕਣਾ ਸੀ? ਇਹ ਦੇਸ਼ ਤਾਂ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਆਜ਼ਾਦ ਕਰਵਾਇਆ ਤੇ ਉਹੀ ਸਨ ਜੋ ਝੱਟ ਮਗਰੋਂ ਹੀ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਸਤੇ ਹਰਾ ਇਨਕਲਾਬ ਲਿਆਉਣ ਵਿਚ ਜੁਟ ਗਏ ਸਨ। ਉਹ ਕਿਉਂ ਦੇਸ਼ ਦੇ ਖ਼ਿਲਾਫ਼ ਹੁੰਦੇ? ਤੇ ਅੱਜ ਵੀ ਨਹੀਂ ਹਨ। ਕਿਉਂ ਭਾਰਤ ਨੂੰ ਛੱਡਣਗੇ ਜਦਕਿ ਉਸ ਨੂੰ ਆਜ਼ਾਦ ਕਰਵਾਉਣ ਵਿਚ ਉਨ੍ਹਾਂ ਅਪਣੇ ਖ਼ੂਨ ਦੇ ਦਰਿਆ ਵਹਾ ਦਿਤੇ ਤੇ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਦਿਤੀਆਂ?ਪਰ ਸਾਡੇ ਆਗੂ ਬੜੇ ਕਠੋਰ ਹਨ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੇ ਕੇ.ਪੀ. ਐਸ. ਗਿੱਲ ਨੂੰ ਨੌਜਵਾਨਾਂ ਨਾਲ ਜੋ ਕਠੋਰ ਕਾਰਵਾਈ ਕਰਨ ਦੀ ਆਜ਼ਾਦੀ ਦਿਤੀ, ਉਹ ਜ਼ੁਲਮ ਦੀ ਹੱਦ ਸੀ। ਅਖੌਤੀ ਪੰਥਕ ਸਰਕਾਰ ਨੇ ਵੀ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਦਾ ਡੀਜੀਪੀ ਬਣਾ ਕੇ ਖੁੱਲ੍ਹ ਦੇ ਦਿਤੀ ਸੀ। ਉਹੀ ਸੋਚ ਉਦੋਂ ਵੀ ਚਲ ਰਹੀ ਸੀ ਜਿਸ ਨੇ ਬਰਗਾੜੀ ਵਿਚ ਨਿਹੱਥੇ ਸਿੰਘਾਂ ਤੇ ਗੋਲੀਆਂ ਚਲਵਾਈਆਂ ਤੇ ਪੰਜਾਬ ਵਿਚ ਨਸ਼ੇ ਦਾ ਜਾਲ ਵਿਛਾਉਣ ਵਿਚ ਮਦਦ ਕੀਤੀ। ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਕੁੱਝ ਪਲਾਂ ਵਿਚ ਹੀ ਸਹੀ ਜਵਾਬ ਦੇ ਦਿਤਾ ਕਿ ਜੇ ਅਕਾਲੀ ਦਲ ਵਜ਼ੀਰੀਆਂ ਦੀ ਥਾਂ ਬੰਦੀ ਸਿੰਘਾਂ ਦੇ ਮਸਲੇ ਨੂੰ ਪਹਿਲ ਦੇਂਦਾ ਤਾਂ ਅੱਜ ਸਿੱਖ ਕੌਮ ਨਿਆਂ ਤੋਂ ਵਾਂਝੀ ਨਾ ਹੁੰਦੀ। ਪਰ ਅਫ਼ਸੋਸ ਕਿ ਬਾਦਲਾਂ ਦੀ ਅਖੌਤੀ ਪੰਥਕ ਪਾਰਟੀ ਨੇ ਇਨ੍ਹਾਂ ਜ਼ਖ਼ਮਾਂ ਨੂੰ ਰਿਸਦੇ ਰੱਖ ਕੇ ਇਕ ਮੁੱਦਾ ਅਪਣੇ ਔਖੇ ਸਮੇਂ ਵਿਚ ਚੁੱਕਣ ਲਈ ਬਚਾ ਕੇ ਰਖਿਆ ਹੋਇਆ ਹੈ।

ਇਨ੍ਹਾਂ ਨੇ ਸਿੱਖਾਂ ਨੂੰ ਆਪਸ ਵਿਚ ਵੰਡ ਕੇ ਇਸ ਦਾ ਗ਼ਲਤ ਫ਼ਾਇਦਾ ਹੀ ਉਠਾਇਆ ਹੈ। ਜਿਹੜਾ ਸਿੱਖ ਸਿੱਖੀ ਬਾਰੇ ਸੱਚ ਬੋਲਦਾ ਹੈ, ਉਸ ਪਿੱਛੇ ਅਪਣੇ ਟੀ.ਵੀ. ਚੈਨਲ, ਕੁੱਝ ਖ਼ਾਸ ਪਾਲਤੂ ਭੌਂਕੇ ਤੇ ਧਾਰਮਕ ਫ਼ਤਵੇ ਛੱਡ ਕੇ ਸੱਚ ਦੀ ਆਵਾਜ਼ ਦਬਾ ਲੈਣ ਦਾ ਕੰਮ ਸ਼ੁਰੂ ਕਰ ਦੇਂਦੇ ਹਨ। ਬੰਦੀ ਸਿੰਘਾਂ ਦੀ ਰਿਹਾਈ ਜੇ ਬਾਦਲ ਪ੍ਰਵਾਰ ਦਾ ਟੀਚਾ ਹੁੰਦਾ ਤਾਂ ਇਹ ਕਈ ਸਾਲ ਪਹਿਲਾਂ ਹੀ ਸਰ ਹੋ ਜਾਣਾ ਸੀ ਤੇ ਸਿੰਘਾਂ ਦੀ ਰਿਹਾਈ ਕਦੋਂ ਦੀ ਹੋ ਚੁੱਕੀ ਹੋਣੀ ਸੀ।

ਅੱਜ ਦੀ ਬਿਆਨਬਾਜ਼ੀ ਸਿਰਫ਼ ਐਸਜੀਪੀਸੀ ਚੋਣਾਂ ਵਿਚ ਵੋਟਾਂ ਬਟੋਰਨ ਵਾਸਤੇ ਕੀਤੀ ਜਾ ਰਹੀ ਹੈ। ਅਸਲ ਵਿਚ ‘ਅਖੌਤੀ ਪੰਥਕ ਆਗੂ’ ਬੰਦੀ ਸਿੰਘਾਂ ਨੂੰ ਰਿਹਾਅ ਹੀ ਨਹੀਂ ਕਰਵਾਉਣਾ ਚਾਹੁੰਦੇ। ਉਹ ਸਿੰਘ ਬਾਹਰ ਆ ਕੇ ਇਨ੍ਹਾਂ ਨਕਲੀ ਸਿੱਖ ਲੀਡਰਾਂ ਨੂੰ ਸਿੱਖ ਵਿਰੋਧੀ ਸਿਧਾਂਤਾਂ ’ਤੇ ਚੱਲਣ ਬਦਲੇ ਚੁਨੌਤੀ ਜ਼ਰੂਰ ਦੇਂਦੇ। ਉਨ੍ਹਾਂ ਸਾਰੇ ਜੇਲ੍ਹਾਂ ਵਿਚ ਬੈਠੇ ਸਿੰਘਾਂ ਵਾਸਤੇ ਅਰਦਾਸ ਤੇ ਆਸ ਹੈ ਕਿ ਵਾਹਿਗੁਰੂ ਉਨ੍ਹਾਂ ਤੇ ਮਿਹਰ ਕਰਨਗੇ ਤੇ ਉਨ੍ਹਾਂ ਦੀ ਆਜ਼ਾਦੀ ਦਾ ਕੋਈ ਰਸਤਾ ਵੀ ਜ਼ਰੂਰ ਨਿਕਲੇਗਾ। -ਨਿਮਰਤ ਕੌਰ

Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)

ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

## ਧਾਰਾ 370 ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਦੁਖਦਾਈ ਤੇ ਮੰਦਭਾਗਾ ਗ਼ੁਲਾਮ ਨਬੀ ਆਜ਼ਾਦ

ਸ੍ਰੀਨਗਰ;-ਡੈਮੋਕ੍ਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ (ਡੀਪੀਏਪੀ) ਦੇ ਪ੍ਰਧਾਨ ਗੁਲਾਮ ਨਬੀ ਆਜ਼ਾਦ ਨੇ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ‘ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ‘ਦੁਖਦਾਈ ਅਤੇ ਮੰਦਭਾਗਾ’ ਕਰਾਰ ਦਿੱਤਾ ਪਰ ਨਾਲ ਹੀ ਉਨ੍ਹਾਂ ਕਿਹਾ,‘ ’ਸਾਨੂੰ ਇਸ ਨੂੰ ਸਵੀਕਾਰ ਕਰਨਾ ਪਵੇਗਾ।’

ਆਜ਼ਾਦ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, ‘ਅਦਾਲਤ ਦਾ ਫੈਸਲਾ ਦੁਖਦਾਈ ਅਤੇ ਮੰਦਭਾਗਾ ਹੈ।’ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਵੱਲੋਂ ਦਿੱਤੇ ਫੈਸਲੇ ਤੋਂ ਇਲਾਕੇ ਦੇ ਲੋਕ ਖੁਸ਼ ਨਹੀਂ ਹਨ।’

# ਸਰਕਾਰਾਂ ਭਾਈ ਰਾਜੋਆਣਾ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਅਤੇ 20 ਦਸੰਬਰ ਨੂੰ ਬੀਕੇਯੂ ਜਥੇ ਸਮੇਤ ਦਿੱਲੀ ਮਾਰਚ 'ਚ ਸ਼ਾਮਿਲ ਹੋਵੇਗੀ:ਲੱਖੋਵਾਲ

ਕੋਹਾੜਾ (ਅਵਤਾਰ ਸਿੰਘ ਭਾਗਪੁਰ):ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮੀਟਿੰਗ ਸ.ਹਰਿੰਦਰ ਸਿੰਘ ਲੱਖੋਵਾਲ ਸੂਬਾ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਮੁੱਖ ਦਫ਼ਤਰ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਸ.ਅਵਤਾਰ ਸਿੰਘ ਮੇਹਲੋਂ ਸਰਪਰਸਤ ਤੇ ਯੂਨੀਅਨ ਦੇ ਅਹੁਦੇਦਾਰ,ਅਗਜੈਕਟਿਵ ਮੈਂਬਰ,ਤੇ ਸਾਰੇ ਜਿਲ੍ਹਾ ਪ੍ਰਧਾਨ ਸ਼ਾਮਿਲ ਹੋਏ ਮੀਟਿੰਗ ਵਿੱਚ ਕਿਸਾਨੀ ਮੁੱਦਿਆਂ ਤੇ ਵਿਚਾਰਾਂ ਕੀਤੀਆਂ ਗਈਆਂ ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਜੋ ਕਿ ਬੇਅੰਤ ਸਿੰਘ ਕਤਲਕਾਂਡ ਵਿੱਚ ਜੇਲ ਅੰਦਰ ਬੰਦ ਆਪਣੀ ਸਜ਼ਾ ਭੁਗਤ ਰਿਹਾ ਹੈ।

ਇਸ ਕੇਸ ਦੇ ਸਬੰਧ ਵਿੱਚ 2012 ਵਿੱਚ ਸ਼੍ਰੋਮਣੀ ਕਮੇਟੀ ਨੇ ਰਹਿਮ ਦੀ ਅਪੀਲ ਰਾਸ਼ਟਰਪਤੀ ਨੂੰ ਭੇਜੀ ਸੀ ਤੇ' ਅੱਗਿਓ ਰਾਸ਼ਟਰਪਤੀ ਨੇ ਇਹ ਅਪੀਲ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਸੀ।

ਜੋ ਕਿ ਅਜੇ ਤੱਕ ਵੀ ਵਿਚਾਰ ਅਧੀਨ ਚੱਲ ਰਹੀ ਹੈ ਜਿਸ ਉੱਪਰ ਕੇਂਦਰ ਸਰਕਾਰ ਤੇ ਰਾਸ਼ਟਰਪਤੀ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਅਤੇ ਪਿਛਲੇ 12 ਸਾਲਾਂ ਤੋਂ ਭਾਈ ਰਾਜੋਆਣਾ 8/8 ਫਾਂਸੀ ਵਾਲੀ ਬੈਰਕ ਵਿੱਚ ਆਪਣੀ ਜ਼ਿੰਦਗੀ ਬਿਤਾਅ ਰਹੇ ਹਨ।

ਇਸ ਲਈ ਸਰਕਾਰਾਂ ਤੋਂ ਪੂਰਜੋਰ ਮੰਗ ਕੀਤੀ ਜਾਂਦੀ ਹੈ ਕਿ ਬਲਵੰਤ ਸਿੰਘ ਰਾਜੋਆਣਾ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੇ ਕੇਸਾਂ ਉੱਪਰ ਨਰਮੀ ਨਾਲ ਵਿਚਾਰ ਕਰਕੇ ਸਾਰੇ ਸਿੰਘਾਂ ਨੂੰ ਜਲਦ ਰਿਹਾਅ ਕੀਤਾ ਜਾਵੇ ਤੇ ਜੋ 20 ਦਸੰਬਰ ਨੂੰ ਸ਼੍ਰੋਮਣੀ ਕਮੇਟੀ




ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਸ਼ਟਰਪਤੀ ਨੂੰ ਮੰਗ ਪੱਤਰ ਦੇਣ ਲਈ ਦਿੱਲੀ ਵਿੱਚ ਮਾਰਚ ਰੱਖਿਆ ਹੈ ਉਸ ਵਿੱਚ ਬੀਕੇਯੂ ਲੱਖੋਵਾਲ ਭਾਰੀ ਜਥੇ ਸਮੇਤ ਸ਼ਾਮਿਲ ਹੋਵੇਗੀ।

# ਹਿੰਦੂ-ਰਾਸ਼ਟਰ ਦੀ ਸਥਾਪਤੀ ਲਈ ਮੋਦੀ ਹਕੂਮਤ ਘੱਟ-ਗਿਣਤੀਆਂ 'ਤੇ ਕਰ ਰਹੀ ਹੈ ਜ਼ਬਰ/ਜ਼ੁਲਮ, ਸਿੱਖ ਆਗੂ ਤੁਰੰਤ ਇਕ-ਜੁੱਟ ਹੋਣ:ਲਖਵੀਰ ਸਿੰਘ ਸੈਂਟੀ

ਅਮਲੋਹ(ਕੁਲਦੀਪ ਸਿੰਘ ਸ਼ੁਤਰਾਣਾ)-ਭਾਜਪਾ-ਆਰ.ਐਸ.ਐਸ. ਅਤੇ ਕਾਂਗਰਸ ਦੀ ਹਮੇਸ਼ਾਂ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਰਹੀ ਹੈ। ਵੱਖ- ਵੱਖ ਕੌਮਾਂ, ਧਰਮਾਂ, ਫਿਰਕਿਆਂ, ਕਬੀਲਿਆਂ 'ਚ ਨਫਰਤ ਪੈਦਾ ਕਰਕੇ ਸੱਤ੍ਹਾ 'ਤੇ ਕਾਬਜ਼ ਹੋਣਾ। ਦੋਵੇਂ ਪਾਰਟੀਆਂ ਸੱਤ੍ਹਾ ਦੀਆਂ ਹੀ ਭੁੱਖੀਆਂ ਹਨ।ਇਹ ਵਿਚਾਰ ਪ੍ਰਗਟ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ/ਫਤਿਹ ਦੇ ਸੀਨੀਅਰ ਮੀਤ ਪ੍ਰਧਾਨ, ਕਿਸਾਨ ਯੂਨੀਅਨ ਦੇ ਪ੍ਰਧਾਨ ਅਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪ੍ਰਧਾਨ ਜਥੇਦਾਰ ਲਖਵੀਰ ਸਿੰਘ ਸੌਂਟੀ ਨੇ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਬਾਬਰੀ ਮਸਜਿਦ ਉਤੇ ਹਮਲਾ ਕਰਨ ਸਮੇਂ ਵੀ ਦੋਵੇਂ ਪਾਰਟੀਆਂ ਬੀਜੇਪੀ- ਆਰ.ਐਸ.ਐਸ. ਅਤੇ ਕਾਂਗਰਸ ਨਾਲ ਇਕ/ਮਿਕ ਸਨ ਅਤੇ ਇਕ ਦੂਜੇ ਦੀਆਂ ਸਹਿਯੋਗੀ ਸਨ। ਬਲਿਊ ਸਟਾਰ ਹਮਲੇ ਉਪਰੰਤ ਭਾਜਪਾ ਆਗੂ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੇ ਮਰਹੂਮ ਇੰਦਰਾ ਗਾਂਧੀ ਦੀ ਪ੍ਰਸੰਸਾ ਹੀ ਨਹੀਂ ਸੀ, ਕੀਤੀ, ਬਲਕਿ ਇੰਦਰਾ ਗਾਂਧੀ ਨੂੰ 'ਦੁਰਗਾ ਮਾਤਾ' ਦਾ ਖਿਤਾਬ ਦੇਕੇ ਸਨਮਾਨਿਤ ਵੀ



ਕੀਤਾ ਸੀ। ਸ੍ਰੀ ਅਡਵਾਨੀ ਨੇ ਕਿਹਾ ਸੀ ਕਿ ਇਹ ਹਮਲਾ 6 ਮਹੀਨੇ ਪਹਿਲਾ ਹੋਣਾ ਚਾਹੀਦਾ ਸੀ।ਇਸ ਲਈ ਕਾਂਗਰਸ ਤੇ ਭਾਜਪਾ ਦੋਵੇਂ ਬਰੋਬਰ ਦੀਆਂ ਦੋਸ਼ੀ ਹਨ। ਜਥੇਦਾਰ ਲਖਵੀਰ ਸਿੰਘ ਸੈਂਟੀ ਨੇ ਕਿਹਾ ਕਿ ਮੋਦੀ ਹਕੂਮਤ ਜਦੋਂ ਤੋਂ ਸੱਤਾ 'ਚ ਆਈ ਹੈ, ਉਹਦੋਂ ਤੋਂ ਹੀ ਹਿੰਦੂ-ਰਾਸ਼ਟਰ ਕਾਇਮ ਕਰਨ ਦੇ ਲਈ ਕੰਮ ਕਰ ਰਹੀ ਹੈ ਅਤੇ ਇਕ ਡੂੰਘੀ ਰਣਨੀਤੀ ਤੇ ਸਾਜ਼ਿਸ਼ ਅਧੀਨ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਘੱਟ-ਗਿਣਤੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਕੌਮ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜ਼ਬਰ/ਜ਼ੁਲਮ ਹੀ ਨਹੀਂ ਕੀਤਾ ਜਾ ਰਿਹਾ, ਬਲਕਿ ਬੁਲਡੋਜ਼ਰਾਂ ਨਾਲ ਘਰ ਢਾਹੇ ਜਾ ਰਹੇ ਹਨ, ਕਤਲ ਕੀਤਾ ਜਾ ਰਿਹਾ ਹੈ, ਉਥੇ ਆਨੇ/ਬਹਾਨੇ ਫੜ੍ਹ ਫੜ੍ਹ ਕੇ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਤੋਂ ਕੋਹਾਂ ਦੂਰ ਡਿਬਰੂਗੜ੍ਹ/ਅਸਾਮ ਦੀਆਂ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਜੇਕਰ ਅਜਿਹੀ ਸਥਿੱਤੀ 'ਚ ਕੌਮ ਦੇ ਆਗੂ ਹਿੰਦੂਤਵ ਮੋਦੀ ਹਕੂਮਤ ਦੇ ਵਿਰੁੱਧ ਇਕ/ਜੁੱਟ ਨਾ ਹੋਏ, ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਬੜਾ ਮਾੜਾ/ਭਿਆਨਕ ਹੋ ਸਕਦਾ ਹੈ।

# ਜੰਮੂ ਕਸ਼ਮੀਰ ਦੇ ਲੋਕਾਂ ਨਾਲ ਵੱਡਾ ਧੋਖਾ:ਮੀਰਵਾਇਜ਼

## ਭਾਰਤ ਨੇ ਸੁਪਰੀਮ ਕੋਰਟ ਦੇ ਫੈਸਲੇ ਰਾਹੀਂ ਕਸ਼ਮੀਰੀ ਲੋਕਾਂ ਲਈ ਆਪਣੀ ਨਫ਼ਰਤ ਦਾ ਪ੍ਰਗਟਾਵਾ ਕੀਤਾ:ਮੁਸ਼ਾਲ ਹੁਸੈਨ

ਸ਼੍ਰੀਨਗਰ: ਆਲ ਪਾਰਟੀਜ਼ ਹੁਰੀਅਤ ਕਾਨਫਰੰਸ ਦੇ ਸੀਨੀਅਰ ਨੇਤਾ ਮੀਰਵਾਇਜ਼ ਉਮਰ ਫਾਰੂਕ ਨੇ ਕਿਹਾ ਹੈ ਕਿ ਧਾਰਾ 370 'ਤੇ ਭਾਰਤੀ ਸੁਪਰੀਮ ਕੋਰਟ ਦਾ ਫੈਸਲਾ ਦੁਖਦ ਹੈ ਪਰ ਪਤਾ ਹੀ ਸੀ ਅਜਿਹਾ ਹੋਵੇਗਾ।

ਉਹ ਲੋਕ ਜਿਨ੍ਹਾਂ ਨੇ ਉਪ-ਮਹਾਂਦੀਪ ਦੀ ਵੰਡ ਦੇ ਸਮੇਂ, ਜੰਮੂ-ਕਸ਼ਮੀਰ ਦੇ ਰਲੇਵੇਂ ਨੂੰ ਸ਼ਰਤਾਂ ਤਹਿਤ ਮੰਨਿਆਂ ਸੀ। ਉਸ ਸਮੇਂ ਭਾਰਤੀ ਲੀਡਰਸ਼ਿਪ ਦੁਆਰਾ ਉਨ੍ਹਾਂ ਨੂੰ ਦਿੱਤੇ



ਵਾਅਦਿਆਂ ਅਤੇ ਭਰੋਸੇ ਵਿੱਚ ਵਿਸ਼ਵਾਸ ਪ੍ਰਗਟਾਇਆ ਗਿਆ ਸੀ ।ਕਸਮੀਰੀ ਲੋਕਾਂ ਨਾਲ ਡੂੰਘਾ ਧੋਖਾ ਕੀਤਾ ਗਿਆ ਹੈ,"।ਜੰਮੂ ਕਸ਼ਮੀਰ ਅਗਸਤ 1947 ਵਿੱਚ , ਜੰਗਬੰਦੀ ਲਾਈਨ 'ਤੇ ਵੰਡਿਆ ਹੋਇਆ ਹੈ, ਅਤੇ ਇਸਲਈ ਹੁਣ ਤੱਕ ਇੱਕ ਖੂਨ ਵਹਿਣ ਵਾਲਾ ਮਾਨਵਤਾਵਾਦੀ ਅਤੇ ਰਾਜਨੀਤਿਕ ਮੁੱਦਾ ਬਣਿਆ ਹੋਇਆ ਹੈ, ਕਸ਼ਮੀਰੀ ਲੋਕ ਕਸ਼ਮਰਿ ਮਸਲੇ ਦੇ ਨਿਪਟਾਰੇ ਦੀ ਮੰਗ ਕਰ ਰਹੇ ਹਨ।ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਅਤੇ ਮਹਿਲਾ ਸ਼ਕਤੀਕਰਨ 'ਤੇ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਹਾਇਕ ਮੁਸ਼ਾਲ ਹੁਸੈਨ ਮਲਿਕ ਨੇ ਕਿਹਾ ਹੈ ਕਿ ਭਾਰਤ ਨੇ ਸੁਪਰੀਮ ਕੋਰਟ ਦੇ ਫੈਸਲੇ ਰਾਹੀਂ ਕਸ਼ਮੀਰੀ ਲੋਕਾਂ ਲਈ ਆਪਣੀ ਨਫ਼ਰਤ ਦਾ ਪ੍ਰਗਟਾਵਾ ਕੀਤਾ ਹੈ।ਮੁਸ਼ਾਲ ਮਲਿਕ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਕਿਸੇ ਨੇ ਵੀ ਕਸ਼ਮੀਰੀਆਂ ਨੂੰ ਇਨਸਾਫ਼ ਨਹੀਂ ਦਿੱਤਾ ਹੈ। ਉਸਨੇ ਅੱਗੇ ਕਿਹਾ ਕਿ ਭਾਰਤੀ ਸੁਪਰੀਮ ਕੋਰਟ ਦਾ ਫੈਸਲਾ ਜਨੇਵਾ ਕਨਵੈਨਸ਼ਨ ਅਤੇ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਦੇ ਵਿਰੁੱਧ ਹੈ।


ਉਸ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵਿੱਚ ਮੁਕਾਬਲਾ ਹੈ ਕਿ ਕੌਣ ਵੱਧ ਕਤਲੇਆਮ ਕਰੇਗਾ।

ਉਨ੍ਹਾਂ ਕਿਹਾ ਕਿ ਆਰਐਸਐਸ ਅਤੇ ਭਾਰਤੀ ਦਹਿਸ਼ਤਗਰਦੀ ਦਾ ਦਾਇਰਾ ਪੂਰੀ ਦੁਨੀਆ ਵਿੱਚ ਫੈਲ ਚੁੱਕਾ ਹੈ, ਉਨ੍ਹਾਂ ਕਿਹਾ ਕਿ ਭਾਰਤ ਤੋਂ ਲੈ ਕੇ ਕਸ਼ਮੀਰ ਤੱਕ ਕਸ਼ਮੀਰੀਆਂ ਅਤੇ ਸਿੱਖਾਂ ਦਾ ਕਤਲੇਆਮ ਜਾਰੀ ਹੈ।


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

# ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

**ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।**

- ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।
- ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।
- ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

**ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।**



BRITISH COLUMBIA

HealthyHabitsBC.ca



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਮਦਰ ਇੰਡੀਆ

## MORE THAN 50 YEARS IN BUSSINESS

## ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ
ਪਾਉਣ ਲਈ ਮਦਰ ਇੰਡੀਆ ਦੀ
ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ
ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india

## Attar (Profume)

Now Available




Mother India



ਨਰੇਸ਼ ਸ਼ੁਕਲਾ

Email:nareshcanada@hotmail.com
6647-Main Street (50th Ave.)
Vancouver BC V5X 3H3




ਮਦਰ ਇੰਡੀਆ ਹਰਬਲ ਸ਼ੈਂਪੂ
ਹੁਣ 8 ਰੰਗਾਂ ਵਿਚ ਮਿਲਦਾ ਹੈ

**TEL: 604-430-6072**

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

## ਸਫ਼ਰ ਏ ਸ਼ਹਾਦਤ

*17 ਦਸੰਬਰ ਦਿਨ ਐਤਵਾਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਮਹਾਨ ਢਾਡੀ ਦਰਬਾਰ ਹੋਣਗੇ ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ।

ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠਾਂ ਦੀ ਲੜੀ 14 ਦਸੰਬਰ ਤੋਂ ਆਰੰਭ ਹੋ ਰਹੀ ਹੈ। ਜਿਹਨਾਂ ਦੇ ਭੋਗ 28 ਦਸੰਬਰ ਨੂੰ ਪੈਣਗੇ। ਜੋ ਵੀ ਪਰਿਵਾਰ ਅਖੰਡਪਾਠ ਸਾਜਿਬ ਦੀ ਸੇਵਾ ਲੈਣਾ ਚਾਹੁੰਦੇ ਹਨ ਉਹ ਗੁਰੂਘਰ ਨਾਲ ਸੰਪਰਕ ਕਰ ਸਕਦੇ ਹਨ।

ਸਫਰ ਏ ਸ਼ਹਾਦਤ ਨੂੰ ਸਮਰਪਿਤ 20 ਦਸੰਬਰ ਤੋਂ 28 ਦਸੰਬਰ ਤੱਕ ਗੁਰਦੁਆਰਾ ਸਾਹਿਬ ਵਿਖੇ ਸ਼ਬਦ ਚੌਂਕੀਆਂ ਹੋਣੀਆਂ ਹਨ। ਜੋ ਸ਼ਾਮ 5 ਵਜੇ ਤੋਂ ਆਰੰਭ ਹੋਇਆ ਕਰਨਗੀਆਂ। ਸਮੂਹ ਸੰਗਤਾਂ ਨੂੰ ਸਮੇਂ ਸਿਰ ਪਹੁੰਚ ਕੇ ਹਾਜਰੀਆਂ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਮਨਿੰਦਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ

*ਕਥਾ ਵਾਚਕ-ਭਾਈ ਹਰਜੀਤ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ)778-201-5310, ਭਾਈ ਬਲਵਿੰਦਰ ਸਿੰਘ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# ਭਾਰਤ ਵਿੱਚ ਅਧੋਗਤੀ ਵਰਤਾਰੇ ਲਈ ਧਰਮ ਨਿਰਪੱਖ ਧਿਰਾਂ ਵੀ ਘੱਟ ਜ਼ਿਮੇਵਾਰ ਨਹੀਂ...

ਦਸੰਬਰ ਚੜ੍ਹਦੇ ਸਾਰ ਨਿਕਲੇ ਪੰਜ ਰਾਜਾਂ ਦੇ ਚੋਣ ਨਤੀਜੇ ਵਿੱਚ ਤਿੰਨ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਜਿੱਤਣ ਵਿੱਚ ਕਾਮਯਾਬ ਰਹੀ ਹੈ, ਜਿਨ੍ਹਾਂ ਵਿੱਚੋਂ ਇੱਕ ਮੱਧ ਪ੍ਰਦੇਸ਼ ਉਸ ਕੋਲ ਪਹਿਲਾਂ ਸੀ ਅਤੇ ਛੱਤੀਸਗੜ੍ਹ ਅਤੇ ਰਾਜਸਥਾਨ ਉਸ ਨੇ ਕਾਂਗਰਸ ਪਾਰਟੀ ਤੋਂ ਹੋਰ ਖੋਹ ਲਏ ਹਨ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਦੇ ਡਿੱਗਦੇ ਦਿਲ ਨੂੰ ਠੁੰਮ੍ਹਣਾ ਦੇਣ ਲਈ ਦੱਖਣੀ ਰਾਜ ਤੇਲੰਗਾਨਾ ਵਿੱਚ ਮਿਲੀ ਜਿੱਤ ਕਿੰਨੀ ਅਸਰਦਾਰ ਹੈ, ਪਤਾ ਨਹੀਂ, ਪਰ ਇਸ ਨਾਲ ਦੇਸ਼ ਵਿੱਚ ਜਿਹੜਾ ਮਾਹੌਲ ਅਗਲੀਆਂਪਾਰਲੀਮੈਂਟ ਚੋਣਾਂਦੇ ਮੁਕਾਬਲੇ ਤੋਂ ਪਹਿਲਾਂ ਬਣ ਗਿਆ ਹੈ, ਉਹ ਧਰਮ-ਨਿਰਪੱਖ ਧਿਰਾਂ ਦੇ ਕਈ ਸਮੱਰਥਕਾਂ ਨੂੰ ਮਾਨਸਿਕ ਸੱਟ ਮਾਰਨ ਵਾਲਾ ਮੰਨਿਆ ਗਿਆ ਹੈ। ਪੰਜਵੇਂ ਰਾਜ ਮੀਜ਼ੋਰਮ ਵਿੱਚ ਕੌਣ ਜਿੱਤ ਗਿਆ ਅਤੇ ਕੌਣ ਹਾਰਿਆ ਹੈ, ਇਸ ਨਾਲ ਬਾਕੀ ਦੇਸ਼ ਦੇ ਲੋਕਾਂ ਨੂੰ ਖਾਸ ਫਰਕ ਨਹੀਂ ਪੈਣਾ। ਆਸਾਮ ਤੋਂ ਪਰੇ 'ਸੈਵਨ ਸਿਸਟਰਜ਼' ਆਖੇ ਜਾਂਦੇ ਸੱਤਾਂ ਰਾਜਾਂ ਵਿੱਚ ਇੱਕ ਤਾਂ ਪਾਰਲੀਮੈਂਟ ਦੀਆਂ ਸੀਟਾਂ ਘੱਟ ਹਨ, ਜਿਹੜੀਆਂ ਦੇਸ਼ ਦੀ ਸੱਤਾ ਲਈ ਸੰਘਰਸ਼ ਦੇ ਮੌਕੇ ਅਸਰ ਪਾ ਸਕਦੀਆਂ ਹੋਣ ਅਤੇ ਦੂਸਰਾ ਉਨ੍ਹਾਂ ਰਾਜਾਂ ਦੀ ਰਾਜਨੀਤੀ ਵਿੱਚ ਕੌਮੀ ਪਾਰਟੀਆਂ ਦਾ ਬਹੁਤਾ ਬੋਲਬਾਲਾ ਵੀ ਕਦੇ ਦਿਖਾਈ ਨਹੀਂ ਦਿੱਤਾ, ਬਹੁਤਾ ਕਰ ਕੇ ਸਥਾਨਕ ਪਾਰਟੀਆਂ ਵਿਚਾਲੇ ਸੰਘਰਸ਼ ਹੁੰਦਾ ਰਹਿੰਦਾ ਹੈ। ਉਨ੍ਹਾਂ ਵਿੱਚੋਂ ਜਿਹੜੀ ਕੋਈ ਧਿਰ ਕਦੀ ਕਿਸੇ ਕੌਮੀ ਪਾਰਟੀ ਨਾਲ ਖੁਦ ਜੁੜਦੀ ਹੈ ਜਾਂ ਉਸ ਵਿੱਚੋਂ ਟੁੱਟੇ ਕੁਝ ਬੰਦੇ ਜੁੜਦੇ ਹਨ, ਅਗਲੀ ਵਾਰ ਵੀ ਉਹ ਕੌਮੀ ਰਾਜਨੀਤੀ ਦਾ ਹਿੱਸਾ ਬਣੇ ਰਹਿਣਗੇ ਜਾਂ ਖੇਤਰੀ ਪਾਰਟੀ ਵਿੱਚ ਮੁੜ ਆਉਣਗੇ ਜਾਂ ਕੋਈ ਨਵੀਂ ਪਾਰਟੀ ਬਣਾ ਲੈਣਗੇ, ਇਸ ਬਾਰੇ ਕਦੀ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਦੀਆਂ ਆਪਣੀਆਂ ਖੇਤਰੀ ਲੋੜਾਂ ਹਨ। ਭਾਰਤ ਦੀ ਵਾਗਡੋਰ ਆਪਣੇ ਹੱਥੀਂ ਰੱਖਣ ਜਾਂ ਕਿਸੇਦੂਸਰੇ ਤੋਂ ਖੋਹਣ ਦੀ ਲੜਾਈ ਵਾਲੇ ਰਾਜਾਂ ਵਿੱਚੋਂ ਚਹੁੰ ਦਾ ਨਤੀਜਾ ਧਰਮ-ਨਿਰੱਪਖਤਾ ਦਾ ਦਾਅਵਾ ਕਰਦੀਆਂ ਧਿਰਾਂ ਲਈ ਨਾ ਸਿਰਫ ਚੰਗਾ ਨਹੀਂ ਸੀ ਆਇਆ, ਸਗੋਂ ਉਨ੍ਹਾਂ ਦੇ ਰਾਜਨੀਤਕ ਪੈਂਤੜਿਆਂ ਦੇ ਅਸਫਲ ਰਹਿਣ ਦੀ ਲਗਾਤਾਰਤਾ ਦਾ ਇੱਕ ਹੋਰ ਸ਼ਰਮਿੰਦਗੀ ਭਰਪੂਰ ਸਰਟੀਫਿਕੇਟ ਵੀ ਪੇਸ਼ ਕਰਨ ਵਾਲਾ ਹੈ। ਇਨ੍ਹਾਂ ਧਰਮ-ਨਿਰਪੱਖ ਅਖਵਾਉਂਦੀਆਂ ਧਿਰਾਂ ਦਾ ਨਵਾਂ ਤਜਰਬਾ ਨਹੀਂ, ਦੇਸ਼ ਆਜ਼ਾਦ ਹੋਣ ਦੇ ਦਿਨਾਂ ਤੋਂ ਧਰਮ-ਨਿਰਪੱਖ ਧਿਰਾਂ ਦੀ ਦੂਸਰਿਆਂ ਨੂੰ ਪਾਸੇ ਧੱਕ ਕੇ ਖੁਦ ਰਾਜ ਸਾਂਭਣ ਦੀ ਲੜਾਈ ਹੀ ਅਜੋਕੇ ਪੜਾਅ ਤੱਕ ਲਿਆਈ ਹੈ। ਅੱਜ ਜਦੋਂ ਭਾਜਪਾ ਜਾਂ ਉਸ ਨਾਲ ਜੁੜੇ ਹੋਏ ਲੋਕ ਇੰਦਰਾ ਗਾਂਧੀ ਤੋਂ ਪਿੱਛੋਂ ਜਵਾਹਰ ਲਾਲ ਨਹਿਰੂ ਤੇ ਫਿਰ ਮਹਾਤਮਾ ਗਾਂਧੀ ਬਾਰੇ ਊਜਾਂ ਲਾਈ ਜਾਂਦੇ ਹਨ ਤਾਂ ਧਰਮ-ਨਿਰਪੱਖ ਧਿਰਾਂ ਨੂੰ ਮਿਰਚਾਂ ਲੱਗਦੀਆਂ ਹਨ, ਪਰ ਭਾਜਪਾ ਬਣਨ ਤੋਂ ਪਹਿਲਾਂ ਜਦੋਂ ਅਜੇ ਜਨ ਸੰਘ ਹੁੰਦੀ ਸੀ, ਇਨ੍ਹਾਂ ਧਰਮ-ਨਿਰਪੱਖ ਧਿਰਾਂ ਦੇ ਆਗੂ ਖੁਦ ਨਹਿਰੂ ਤੇ ਗਾਂਧੀ ਦੇ ਕਿਰਦਾਰਾਂ ਵਿੱਚ ਨੁਕਸ ਕੱਢਣ ਦਾ ਕੰਮ ਕਰਿਆ ਕਰਦੇ ਸਨ। ਫਿਰ ਇੰਦਰਾ ਗਾਂਧੀ ਦੇ ਉਭਾਰ ਮਗਰੋਂ ਇਨ੍ਹਾਂ ਧਰਮ-ਨਿਰਪੱਖ ਧਿਰਾਂ ਨੇ ਉਸ ਅੰਦਰ ਉੱਭਰੀਆਂ ਤਾਨਾਸ਼ਾਹੀ ਤੇ ਪਰਵਾਰਵਾਦ ਦੀਆਂ ਰੁਚੀਆਂ ਦੀ ਵਿਰੋਧਤਾ ਦੇ ਨਾਂਅ ਉੱਤੇ ਭਾਜਪਾ ਦੇ ਪਹਿਲੇ ਰੂਪ ਜਨ ਸੰਘ ਨਾਲ ਸਮਝੌਤੇ ਕੀਤੇ ਤੇ ਉਨ੍ਹਾਂ ਦੀਆਂ ਜੜ੍ਹਾਂ ਇਸ ਧਰਮ-ਨਿਰਪੱਖ ਦੇਸ਼ ਦੇ ਉਸ ਸਮਾਜ ਵਿੱਚ ਲਾਉਣ ਦਾ ਕੰਮ ਕੀਤਾ ਸੀ, ਜਿਹੜਾ ਓਦੋਂ ਤੱਕ ਆਪਣੀ ਵਿਰਾਸਤ ਤੋਂ ਨਹੀਂ ਸੀ ਥਿੜਕਿਆ। ਪੱਛਮੀ ਬੰਗਾਲ ਵਿੱਚ ਜਨ ਸੰਘ ਕਿੱਥੇ ਸੀ, ਕਾਂਗਰਸ ਤੇ ਖੱਬੇ ਪੱਖੀਆਂ ਵਿੱਚ ਸੱਤਾ ਦੀ ਖਿੱਚੋਤਾਣ ਸੀ ਤੇ ਕੇਰਲਾ ਵਿੱਚ ਵੀ ਇਹੋ ਹਾਲਤ ਸੀ। ਕਾਂਗਰਸ ਵਿਰੋਧ ਦੇ ਨਾਂਅ ਉੱਤੇ ਓਦੋਂ ਜਨ ਸੰਘ ਨਾਲ ਨਾਲ ਗੱਠਜੋੜ ਬਣਾ ਕੇ ਜਿਹੜੇ ਵੀ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਗਈਆਂ, ਉਨ੍ਹਾਂ ਦਾ ਰਾਜਨੀਤਕ ਨਕਸ਼ਾ ਉਸ ਪਿੱਛੋਂ ਲਗਾਤਾਰ ਨਵਾਂ ਰੰਗ ਲੈਂਦਾ ਗਿਆ ਸੀ। ਕਾਂਗਰਸ ਤੇ ਰਾਜੀਵ ਗਾਂਧੀ ਦੇ ਵਿਰੋਧ ਵਿੱਚ ਸੱਤਾ ਲਈ ਲੜ ਰਹੀਆਂ ਧਰਮ-ਨਿਰਪੱਖ ਧਿਰਾਂ ਨਵੀਂ ਉੱਭਰਦੀ ਭਾਜਪਾ ਨਾਲ ਹਰ ਥਾਂ ਸਿੱਧੇ ਜਾਂ ਅਸਿੱਧੇ ਤਾਲਮੇਲ ਲਈ ਤਿਆਰ ਹੋਣ ਲੱਗ ਪਈਆਂ ਅਤੇ ਦੂਸਰੇ ਪਾਸੇ ਕਾਂਗਰਸ ਪਾਰਟੀ ਪਹਿਲਾਂ ਸ਼ਾਹਬਾਨੋ ਕੇਸ ਵਿੱਚ ਥਿੜਕੀ ਤੇ ਫਿਰ ਬਾਬਰੀ ਮਸਜਿਦ ਦਾ ਤਾਲਾ ਖੋਲ੍ਹਣ ਤੁਰ ਪਈ ਸੀ। ਨਰਸਿਮਹਾ ਰਾਉ ਵਰਗਾ ਮੌਕਾਪ੍ਰਸਤ ਆਗੂ ਕਾਂਗਰਸ ਨੇ ਪ੍ਰਧਾਨ ਮੰਤਰੀ ਬਣਾ ਲਿਆ ਤਾਂ ਉਸ ਨੇ ਬਾਬਰੀ ਮਸਜਿਦ ਢਾਹੁਣ ਤੁਰੀ ਹੋਈ ਭਾਜਪਾ ਨਾਲ ਅੰਦਰ-ਖਾਤੇ ਜਿਹੜੀ ਸਾਂਝ ਨਿਭਾਈ, ਕਾਂਗਰਸ ਦੇ ਵੀ ਜੜ੍ਹੀਂਬਹਿ ਗਈ ਅਤੇ ਇਸ ਦੇਸ਼ ਵਿੱਚ ਬਚੀ-ਖੁਚੀ ਧਰਮ-ਨਿਰਪੱਖਤਾ ਦੇ ਵੀ। ਓਦੋਂ ਕਾਂਗਰਸ ਨੂੰ ਹਟਾ ਕੇ ਬਣੀਆਂ ਦੇਵਗੌੜਾ ਅਤੇ ਗੁਜਰਾਲ ਸਰਕਾਰਾਂ ਵੀ ਅਗਲੀ ਨੀਵਾਣ ਤੱਕ ਲਿਜਾਣ ਵਾਲੀਆਂ ਹੀ ਸਾਬਤ ਹੋਈਆਂ ਸਨ। ਹਾਲਾਤ ਦਾ ਮਜ਼ਾਕ ਵੇਖੋ ਕਿ ਐਚ ਡੀ ਦੇਵਗੌੜਾ ਪ੍ਰਧਾਨ ਮੰਤਰੀ ਤਾਂ ਭਾਜਪਾ ਦੇ ਵਿਰੋਧ ਵਿੱਚ ਕਾਂਗਰਸ ਦੀ ਮਦਦ ਨਾਲ ਬਣਿਆ, ਪਰ ਜਦੋਂ ਗੱਦੀ ਖੁੱਸ ਗਈ ਤਾਂ ਥੋੜ੍ਹਾ ਸਮਾਂ ਬਾਅਦ ਓਸੇ ਭਾਜਪਾ ਦੀ ਮਦਦ ਨਾਲ ਆਪਣੇ ਪੁੱਤਰ ਨੂੰ ਮੁੱਖ ਮੰਤਰੀ ਬਣਾਉਣ ਤੁਰ ਪਿਆ ਸੀ। ਪਹਿਲਾ ਪੰਜਾਬੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਉਸ ਅਹੁਦੇ ਤੱਕ ਇਨ੍ਹਾਂ ਧਰਮ-ਨਿਰਪੱਖ ਧਿਰਾਂ ਦੇ ਆਗੂ ਵਜੋਂ ਪਹੁੰਚਿਆ ਸੀ, ਪਰ ਗੱਦੀ ਖੁੱਸਦੇ ਸਾਰ ਆਪਣੀ ਪਾਰਲੀਮੈਂਟ ਸੀਟ ਬਚਾਉਣ ਲਈ ਭਾਜਪਾ ਦੀ ਸਾਂਝ ਵਾਲੇ ਗੱਠਜੋੜ ਦੀ ਮਦਦ ਦਾ ਮੁਥਾਜ ਬਣਨ ਤੁਰ ਪਿਆ ਸੀ ਤੇ ਭਾਜਪਾ ਵਾਲੇ ਉਸ ਦੀ ਮਦਦ ਕਰਨ ਦੇ ਵਕਤ ਉਸ ਦੀ ਧਰਮ-ਨਿਰਪੱਖਤਾ ਦੀਆਂ ਗੱਲਾਂ ਕਰਦੇ ਵੱਖੀਆਂ ਥਾਣੀਂ ਹੱਸਦੇ ਹੁੰਦੇ ਸਨ। ਪੱਛਮੀ ਬੰਗਾਲ ਵਿੱਚ ਸੱਤਾ ਦਾ ਸੁਖ ਮਾਣਨ ਲਈ ਮਮਤਾ ਬੈਨਰਜੀ ਨੇ ਪਹਿਲਾਂ ਕਾਂਗਰਸ ਛੱਡੀ ਅਤੇ ਫਿਰ ਖੱਬੇ-ਪੱਖੀਆਂ ਨਾਲ ਲੜਨ ਲਈ ਭਾਜਪਾ ਨਾਲ ਸਾਂਝ ਪਾ ਕੇ ਚੋਣਾਂ ਲੜੀਆਂ ਸਨ ਤੇ ਉਨ੍ਹਾਂ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿੱਚ ਮੰਤਰੀ ਵੀ ਬਣੀ ਸੀ। ਜਨਤਾ ਦਲ ਯੁਨਾਈਟਿਡ ਵਾਲੇ ਨਿਤੀਸ਼ ਕੁਮਾਰ ਨੇ ਕਿੰਨੀ ਵਾਰੀ ਭਾਜਪਾ ਨਾਲ ਸੱਤਾ ਖਾਤਰ ਸਾਂਝ ਪਾਈ ਤੇ ਕਿੰਨੀ ਵਾਰ ਆਪਣੇ ਹਿੱਤਾਂ ਖਾਤਰ ਧਰਮ-ਨਿਰਪੱਖਤਾ ਨੂੰ ਦਾਅ ਉੱਤੇ ਲਾਇਆ ਸੀ, ਇਹ ਗਿਣਤੀ ਕਰਦਾ ਬੰਦਾ ਥੱਕ ਸਕਦਾ ਹੈ। ਉੜੀਸਾ ਦੇ ਨਵੀਨ ਪਟਨਾਇਕ ਨੇ ਧਰਮ-ਨਿਰਪੱਖਤਾ ਦੀਆਂ ਗੱਲਾਂ ਤੋਂ ਸੱਤਾ ਲਈ ਮੁੱਢਲੇ ਕਦਮ ਚੁੱਕੇ ਅਤੇ ਅਗਲੇ ਕਦਮ ਉਸ ਨੂੰ ਸੱਤਾ ਦੇ ਲਈ ਭਾਜਪਾ ਨਾਲ ਸਾਂਝ ਪਾਉਣ ਤੱਕ ਲੈ ਗਏ ਸਨ। ਪੈਰ ਪੱਕੇ ਹੋ ਗਏ ਤਾਂ ਭਾਜਪਾ ਨਾਲੋਂ ਸਾਂਝ ਤੋੜ ਲਈ, ਪਰ ਜਦੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਚੜ੍ਹਤ ਹੁੰਦੀ ਵੇਖੀ ਤਾਂ ਉਸ ਨਾਲ ਅੱਖ ਬਚਾ ਕੇ ਤਾਲਮੇਲ ਦਾ ਉਹ ਰਾਹ ਕੱਢ ਲਿਆ, ਜਿਸ ਦਾ ਲਾਭ ਬਾਕੀ ਭਾਰਤ ਵਿੱਚ ਭਾਜਪਾ ਨੂੰ ਹੋਣਾ ਸੀ। ਆਂਧਰਾ ਪ੍ਰਦੇਸ਼ ਹੋਵੇ ਜਾਂ ਤਾਮਿਲ ਨਾਡੂ, ਹਰ ਰਾਜ ਵਿੱਚ ਸੱਤਾ ਪ੍ਰਾਪਤੀ ਦੀ ਖੇਡ ਵਿੱਚ ਖੇਤਰੀ ਪਾਰਟੀਆਂ ਕਦੀ ਖੱਬੇ-ਪੱਖੀਆਂ ਨਾਲ ਤੇ ਕਦੀ ਭਾਜਪਾ ਨਾਲ ਜੁੜਦੀਆਂ ਰਹੀਆਂ ਅਤੇ ਇਸ ਦਾ ਲਾਭ ਵੀ ਆਖਰੀ ਸ਼ਬਦਾਂ ਵਿੱਚ ਸਭ ਤੋਂ ਵੱਧ ਜਥੇਬੰਦ ਕਾਡਰ ਵਾਲੀ ਭਾਜਪਾ ਨੂੰ ਹੁੰਦਾ ਰਿਹਾ। ਜੰਮੂ-ਕਸ਼ਮੀਰ ਵਿੱਚ ਅੱਜ ਕੱਖੋਂ ਹੌਲੇ ਹਾਲਾਤ ਵਿੱਚ ਪਹੁੰਚੀਆਂ ਦੋਵਾਂ ਸਥਾਨਕ ਧਿਰਾਂ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ ਨੇ ਕੇਂਦਰ ਦੀ ਵਜ਼ੀਰੀ ਲਈ ਭਾਜਪਾ ਨਾਲ ਵਾਰੀ-ਵਾਰੀ ਸਾਂਝ ਪਾਈ ਅਤੇ ਠਿੱਬੀਆਂ ਖਾਣ ਮਗਰੋਂ ਪਿੱਛੇ ਹਟਣ ਦੇ ਬਾਅਦ ਵੀ ਸੱਤਾ ਖਾਤਰ ਅੱਖ-ਮਟੱਕੇ ਕਰਦੀਆਂ ਰਹੀਆਂ ਸਨ ਤੇ ਅੱਜ ਭੁਗਤ ਰਹੀਆਂ ਹਨ। ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਇਸ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਵੱਖਰਾ ਆਜ਼ਾਦ ਦੇਸ਼ ਬਣਾ ਦਿੱਤਾ ਗਿਆ ਸੀ, ਉਸ ਵੇਲੇ ਧਰਮ-ਨਿਰਪੱਖ ਆਗੂਆਂ ਨੂੰ ਬਹੁਤ ਕਸ਼ਟ ਸਹਾਰਨੇ ਪਏ ਸਨ, ਪਰ ਉਹ ਥਿੜਕਦੇ ਨਹੀਂ ਸੀ ਵੇਖੇ ਗਏ। ਮੌਲਾਨਾ ਅਬੁਲ ਕਲਾਮ ਆਜ਼ਾਦ ਨੂੰ ਦਿੱਲੀ ਦੀ ਜਾਮਾ ਮਸਜਿਦ ਵਿੱਚ ਵੜਨੋਂ ਰੋਕ ਦਿੱਤਾ ਗਿਆ ਅਤੇ ਹਿੰਦੂਵਾਦੀਆਂ ਦਾ ਏਜੰਟ ਆਖਿਆ ਗਿਆ, ਪਰ ਉਹ ਪੈਂਤੜੇ ਉੱਤੇ ਕਾਇਮ ਰਿਹਾ ਸੀ। ਪਾਕਿਸਤਾਨ ਬਣਨ ਪਿੱਛੋਂ ਜਿਹੜੇ ਮੁਸਲਮਾਨ ਭਾਰਤ ਵਿੱਚ ਰਹਿ ਗਏ ਸਨ, ਉਹ ਖੁਦ ਆ ਕੇ ਓਸੇ ਆਜ਼ਾਦ ਨੂੰ ਫਿਰ ਜਾਮਾ ਮਸਜਿਦ ਲੈ ਕੇ ਗਏ ਸਨ ਤੇ ਓਥੇ ਉਸ ਨੇ ਵੰਗਾਰ ਕੇ ਕਿਹਾ ਸੀ ਕਿ ਅੱਜ ਤੁਸੀਂ ਗਲੇਡੂ ਸੁੱਟਦੇ ਹੋ, ਫੈਸਲੇ ਦੀ ਘੜੀ ਵੇਲੇ ਬੋਲਣ ਤੋਂ ਝਿਜਕ ਕੇ ਏਨਾ ਜ਼ਿਆਦਾ ਨੁਕਸਾਨ ਕਰ ਬੈਠੇ ਹੋ ਕਿ ਤੁਹਾਡੀਆਂ ਪੀੜ੍ਹੀਆਂ ਨੂੰ ਭੁਗਤਣਾ ਪੈ ਸਕਦਾ ਹੈ। ਇਹ ਸੱਚ ਸਾਬਤ ਹੋਇਆ ਸੀ, ਪਰ ਉਸ ਦੇ ਬਾਅਦ ਵੀ ਉਨ੍ਹਾਂ ਦੇ ਆਗੂ ਸਿਆਸਤ ਦੇ ਮੈਦਾਨ ਵਿੱਚ ਏਦਾਂ ਦੀ ਤਿਲਕਣਬਾਜ਼ੀ ਵਿਖਾਉਂਦੇ ਰਹੇ ਕਿ ਅੱਜ ਉਹ ਖੁਦ ਕਿਸੇ ਖਾਤੇ ਵਿੱਚ ਨਹੀਂ, ਭਾਜਪਾ ਲੀਡਰਾਂ ਪਿੱਛੇ ਤੁਰਨ ਜੋਗੇ ਰਹਿ ਗਏ ਹਨ। ਸ਼ਾਹਨਵਾਜ਼ ਹੁਸੈਨ ਤੇ ਮੁਖਤਾਰ ਅੱਬਾਸ ਨੱਕਵੀ ਵਰਗੇ ਲੀਡਰ ਅੱਜ ਕਿਤੇ ਰੜਕਦੇ ਨਹੀਂ, ਜਿਹੜੇ ਭਾਜਪਾ ਨੂੰ ਭਾਰਤ ਦੀ ਆਤਮਾ ਅਤੇ ਘੱਟ-ਗਿਣਤੀਆਂ ਦੇ ਲੋਕਾਂ ਲਈ ਭਵਿੱਖ ਦੀ ਆਸ ਦੀ ਕਿਰਨ ਦੱਸਦੇ ਹੁੰਦੇ ਸਨ। ਕਾਂਗਰਸ ਵਿੱਚ ਰਹਿੰਦਿਆਂ ਧਰਮ-ਨਿਰਪੱਖਤਾ ਪੜ੍ਹਾਉਣ ਲਈ ਕਿਤਾਬਾਂ ਲਿਖਣ ਵਾਲੇ ਐੱਮ ਜੇ ਅਕਬਰ ਵਰਗੇ ਲੋਕ ਫਿਰ ਕੇਂਦਰ ਦੀ ਇੱਕ ਵਜ਼ੀਰੀ ਲੈਣ ਲਈ ਭਾਜਪਾ ਵਿੱਚ ਜਾ ਵੜੇ ਸਨ, ਪਰ ਅੱਜ ਉਹ ਕੱਖੋਂ ਹੌਲੇ ਹੋਏ ਸਿਆਸਤ ਦੇ ਅਣਗੌਲੇ ਖੂੰਜੇ ਵਿੱਚ ਪਏ ਹੋਏ ਰੜਕਦੇ ਨਹੀਂ। ਧਰਮ-ਨਿਰਪੱਖ ਅਖਵਾਉਂਦੇ ਜਿਹੜੇ ਆਗੂਆਂ ਨੇ ਅੱਧੋਗਤੀ ਵਾਲੀ ਹਾਲਾਤ ਪੈਦਾ ਕੀਤੀ ਹੈ, ਉਨ੍ਹਾਂ ਨੂੰ ਆਪਣੀ ਬੁੱਕਲ ਵਿੱਚ ਝਾਤੀ ਮਾਰਨ ਦੀ ਲੋੜ ਹੈ। ਅਗਲੇ ਸਾਲ ਦੀਆਂ ਚੋਣਾਂ ਵਿੱਚ ਬਹੁਤਾ ਸਮਾਂ ਨਹੀਂ ਰਹਿੰਦਾ। ਉਸ ਲਈ ਗੱਠਜੋੜ ਬਣਾਉਣ ਦੀ ਕਸਰਤ ਫਿਰ ਸ਼ੁਰੂ ਕਰ ਦਿੱਤੀ ਗਈ ਹੈ, ਪਰ ਅਜੇ ਵੀ ਕਾਂਗਰਸੀ ਆਗੂਆਂ ਵਿੱਚ ਆਪਣੇ 'ਰਾਜਕੁਮਾਰ' ਨੂੰ ਭਾਰਤ ਦਾ ਆਗੂ ਬਣਾਉਣ ਦੀ ਉਹ ਭਾਵਨਾ ਘਟੀ ਨਹੀਂ, ਜਿਹੜੀ ਪਹਿਲਾਂ ਨੁਕਸਾਨ ਕਰਾਉਂਦੀ ਰਹੀ ਹੈ। ਰਾਹੁਲ ਗਾਂਧੀ ਅਗਵਾਈ ਕਰਨ ਜੋਗਾ ਨਹੀਂ ਤਾਂ ਪਾਰਟੀ ਕਿਸੇ ਹੋਰ ਨੂੰ ਅੱਗੇ ਲਾਵੇ ਜਾਂ ਨਾ ਲਾਵੇ, ਮਲਿਕਾਰਜੁਨ ਖੜਗੇ ਵਾਂਗ ਐਵੇਂ ਕਾਗਜ਼ੀ ਪ੍ਰਧਾਨਗੀ ਤੱਕ ਸੀਮਤ ਰੱਖੇ ਜਾਂ ਨਾ ਰੱਖੇ, ਇਹ ਮਜਬੂਰੀ ਉਸ ਪਾਰਟੀ ਦੀ ਹੈ। ਬਾਕੀ ਪਾਰਟੀਆਂ ਦੀ ਏਹੋ ਜਿਹੀ ਮਜਬੂਰੀ ਨਹੀਂ। ਉਹ ਕਾਂਗਰਸ ਪਾਰਟੀ ਦੀ ਤਰਾਂ ਅਜੇ ਵੀ ਆਪਣੇ ਆਗੂ ਖਾਤਰ ਸਾਰੇ ਭਾਰਤ ਦਾ ਭਵਿੱਖ ਕੁਰਬਾਨ ਕਰਨ ਦੀ ਨੀਤੀ ਤੋਂ ਉੱਪਰ ਉੱਠ ਕੇ ਯਤਨ ਕਰ ਸਕਦੀਆਂ ਹਨ ਤੇ ਉਨ੍ਹਾਂ ਨੂੰ ਕਰਨਾ ਵੀ ਚਾਹੀਦਾ ਹੈ। ਭਾਰਤ ਦੇਸ਼ ਜਿਸ ਮੋੜ ਉੱਤੇ ਅੱਜ ਪਹੁੰਚ ਚੁੱਕਾ ਹੈ, ਓਥੇ ਧੜਿਆਂ ਬਾਰੇ ਸੋਚਣ ਵਾਲਾ ਵਕਤ ਨਹੀਂ ਬਚਿਆ ਜਾਪਦਾ, ਦੇਸ਼ ਲਈ ਸੋਚਣਾ ਪਵੇਗਾ।--ਜਤਿੰਦਰ ਪਨੂੰ




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

14 ਦਸੰਬਰ, ਦਿਨ ਵੀਰਵਾਰ..........ਸੰਗਰਾਂਦ ਦਾ ਦਿਹਾੜਾ ਹੈ।

17 ਦਸੰਬਰ, ਦਿਨ ਐਤਵਾਰ..........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

24 ਦਸੰਬਰ, ਦਿਨ ਐਤਵਾਰ..........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ 'ਤੇ ਲੰਗਰ ਵੀ ਹੋਵੇਗਾ।

29 ਦਸੰਬਰ, ਦਿਨ ਸ਼ੁੱਕਰਵਾਰ.........ਸਵੇਰੇ 10:00 ਵਜੇ ਚੋਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਹੋਣਗੇ ਜਿਸ ਦੇ ਭੋਗ 31 ਦਸੰਬਰ, ਦਿਨ ਐਤਵਾਰ ਸਵੇਰ ਨੂੰ 9:30 ਵਜੇ ਪਾਏ ਜਾਣਗੇ। ਇਸ ਪੁਰਬ 'ਤੇ ਸੇਵਾ ਭਾਈ ਕੁਲਦੀਪ ਸਿੰਘ ਦੇਹਲ ਅਤੇ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਐਤਵਾਰ..........ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ 7:00 ਵਜੇ ਤੋਂ 12:00 ਤੱਕ ਕੀਰਤਨ ਦਰਬਾਰ ਸਜਣਗੇ ਅਤੇ ਲੰਗਰ ਵੀ ਹੋਵੇਗਾ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਸਾਧ ਸੰਗਤ ਵਲੋਂ ਚੋਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮਾਂ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਪੁਰਬ ਦੀ ਸਾਰੀ ਸੇਵਾ ਭਾਈ ਕੁਲਦੀਪ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੇਹੱਲ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਕੀਤੀ ਜਾਵੇਗੀ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡਪਾਠ ਸਾਹਿਬ - 29 ਦਸੰਬਰ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ।

ਭੋਗ ਸ੍ਰੀ ਅਖੰਡ ਪਾਠ ਸਾਹਿਬ- 31 ਦਸੰਬਰ 2023, ਦਿਨ ਐਤਵਾਰ ਸਵੇਰੇ 9:00 ਵਜੇ।

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਜੀਵਨੀ ਉੱਪਰ ਰੋਸ਼ਨੀ ਪਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।

ਗੁਰੂ ਕਾ ਲੰਗਰ ਤਿੰਨ ਦਿਨ ਅਤੁੱਟ ਵਰਤੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਆਸਕਰ 'ਚ 'ਅਮੈਰਿਕਨ ਸਿੱਖ':ਕੇਸ ਕਤਲ ਕੀਤੇ ਸਿੱਖੀ ਵੱਲ ਵਾਪਸੀ ਕੀਤੀ ਤੇ ਫ਼ਿਰ ਦੁਨੀਆ ਨੂੰ ਦੱਸੀ ਕਹਾਣੀ

ਨਿਊਯਾਰਕ(,ਸੁਨੀਲ ਕਟਾਰੀਆ ,ਬੀਬੀਸੀ ਪੱਤਰਕਾਰ) ਐਨੀਮੇਸ਼ਨ ਸ਼ੌਰਟ ਫ਼ਿਲਮ 'ਅਮੈਰਿਕਨ ਸਿੱਖ' ਔਸਕਰ 2024 ਲਈ ਭੇਜੀ ਗਈ ਹੈ। ਇਹ ਫ਼ਿਲਮ ਅਮਰੀਕਾ ਰਹਿੰਦੇ ਇੱਕ ਸਿੱਖ ਵਿਅਕਤੀ ਵਿਸ਼ਵਜੀਤ ਸਿੰਘ ਦੀ ਕਹਾਣੀ ਉੱਤੇ ਅਧਾਰਿਤ ਹੈ।ਵਿਸ਼ਵਜੀਤ ਸਿੰਘ ਇਸ ਫ਼ਿਲਮ ਦੇ ਸਹਿ-ਨਿਰਦੇਸ਼ਕ ਤੇ ਪ੍ਰੋਡਿਊਸਰ ਵੀ ਹਨ ਅਤੇ ਉਨ੍ਹਾਂ ਨੇ ਇਹ ਫ਼ਿਲਮ ਨਿਰਦੇਸ਼ਕ ਰਿਆਨ ਵੇਸਤਰਾ ਨਾਲ ਮਿਲ ਕੇ ਬਣਾਈ ਹੈ।

ਵਿਸ਼ਵਜੀਤ ਸਿੰਘ ਦੇ ਪਰਿਵਾਰ ਨੇ ਦਿੱਲੀ ਵਿੱਚ 1984 ਦਾ ਸਿੱਖ ਕਤਲੇਆਮ ਦਾ ਦੌਰ ਹੰਢਾਇਆ ਹੈ, ਜਿਸ ਦੌਰਾਨ ਸਿੱਖਾਂ ਨੂੰ ਨਫ਼ਰਤ ਦਾ ਸਾਹਮਣਾ ਕਰਨਾ ਪਿਆ।ਇਸ ਮਗਰੋਂ ਸਾਲ 2001 ਵਿੱਚ ਅਮਰੀਕਾ ਵਿੱਚ ਹੋਏ 9/11 ਦੇ ਵਰਲਡ ਟ੍ਰੇਡ ਸੈਂਟਰ 'ਤੇ ਹਮਲੇ ਤੋਂ ਬਾਅਦ ਦੇ ਹਾਲਾਤਾਂ ਨੂੰ ਫ਼ਿਲਮ ਵਿੱਚ ਬਿਆਨ ਕੀਤਾ ਗਿਆ ਹੈ ਜਿਸ ਦੌਰਾਨ ਸਿੱਖਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਇਸ ਦੌਰਾਨ ਉਨ੍ਹਾਂ ਨੂੰ ਬਹੁਤ ਕੁਝ ਸਹਿਣਾ ਪੈਂਦਾ ਹੈ, ਸਿੱਖਾਂ ਪ੍ਰਤੀ ਲੋਕਾਂ ਦੇ ਨਜ਼ਰੀਏ ਨੂੰ ਬਦਲਣ ਦੀ ਕੋਸ਼ਿਸ਼ ਲਈ ਉਹ ਸਿੱਖ ਕੈਪਟਨ ਅਮੈਰਿਕਾ ਬਣਕੇ ਸੜਕਾਂ ਉੱਤੇ ਉੱਤਰਦੇ ਹਨ।ਇਸ ਬਾਰੇ ਉਨ੍ਹਾਂ ਉੱਤੇ ਇੱਕ ਫ਼ਿਲਮ ਵੀ ਬਣਦੀ ਹੈ ਤੇ ਉੱਥੋਂ ਹੀ 2019 ਦਰਮਿਆਨ 'ਅਮੈਰਿਕਨ ਸਿੱਖ' ਫ਼ਿਲਮ ਦਾ ਵੀ ਮੁੱਢ ਬੱਝਦਾ ਹੈ।

ਅਮਰੀਕਾ ਦੇ ਵਾਸ਼ਿੰਗਟਨ ਡੀਸੀ ਵਿੱਚ ਪੈਦਾ ਹੋਏ ਅਤੇ ਹੁਣ ਨਿਊਯਾਰਕ ਸ਼ਹਿਰ ਵਿੱਚ ਰਹਿੰਦੇ ਵਿਸ਼ਵਜੀਤ ਸਿੰਘ ਇੱਕ ਇਲਸਟ੍ਰੇਟਰ, ਲੇਖਕ, ਕਲਾਕਾਰ ਅਤੇ ਕਾਰਟੂਨਿਸਟ ਹਨ।ਉਨ੍ਹਾਂ ਦੇ ਨਾਨਕੇ ਤੇ ਦਾਦਕੇ ਪਰਿਵਾਰ ਪੰਜਾਬ ਤੋਂ ਹਨ।

ਵਿਸ਼ਵਜੀਤ ਸਿੰਘ ਦੇ ਪਿਤਾ ਭਾਰਤ ਸਰਕਾਰ ਲਈ ਕੰਮ ਕਰਦੇ ਸਨ ਅਤੇ ਅਮਰੀਕਾ ਵਿੱਚ ਭਾਰਤੀ ਸਫ਼ਾਰਤਖ਼ਾਨੇ ਵਿੱਚ ਨੌਕਰੀ ਕਰਦੇ ਸਨ।ਪੇਸ਼ੇ ਵਜੋਂ ਵਿਸ਼ਵਜੀਤ ਸਿੰਘ ਇੱਕ ਇੰਜੀਨੀਅਰ ਹਨ ਪਰ ਉਨ੍ਹਾਂ ਨੇ ਇੰਜੀਨੀਅਰਿੰਗ ਦੀ ਨੌਕਰੀ ਛੱਡ ਕੇ ਕਲਾ ਵੱਲ ਧਿਆਨ ਦਿੱਤਾ।

ਵਿਸ਼ਵਜੀਤ ਦੱਸਦੇ ਹਨ, ''ਜਦੋਂ ਮੈਂ ਲਾਸ ਏਂਜਲਸ ਆਇਆ ਤਾਂ ਬਗਾਨੇ ਲੋਕ ਸੜਕਾਂ ਉੱਤੇ ਮੈਨੂੰ ਕਹਿੰਦੇ 'ਤੂੰ ਵਾਪਸ ਜਾ' ਜਾਂ ਮੇਰੇ ਉੱਤੇ ਹੱਸਦੇ ਸਨ, ਗਾਲ੍ਹਾਂ ਕੱਢਦੇ ਸਨ।''''ਮੈਨੂੰ ਇਹ ਸਭ ਅਜੀਬ ਲੱਗਿਆ ਕਿ ਮੈਂ ਇੱਥੋਂ ਦੀ ਪੈਦਾਇਸ਼ ਹਾਂ ਅਤੇ ਤੁਸੀਂ ਮੈਨੂੰ ਜਾਣਦੇ ਵੀ ਨਹੀਂ ਹੋ।''''ਇਹੀ ਕੁਝ ਕਾਲਜ ਦੌਰਾਨ ਵੀ ਮੇਰੇ ਨਾਲ ਹੋਇਆ, ਕਿਉਂਕਿ ਲੋਕਾਂ ਨੂੰ ਪਤਾ ਹੀ ਨਹੀਂ ਕਿ ਸਿੱਖ ਕੌਣ ਹੁੰਦੇ ਹਨ। ਲੋਕ ਮੈਨੂੰ ਤੰਗ ਕਰਦੇ ਸੀ, ਕਾਲਜ ਤੇ ਫ਼ਿਰ ਸੜਕਾਂ ਉੱਤੇ ਮੇਰੇ ਨਾਲ ਮਾੜਾ ਵਤੀਰਾ ਹੁੰਦਾ ਰਿਹਾ।''





ਵਿਸ਼ਵਜੀਤ ਸਿੰਘ ਨੇ ਭਾਵੇਂ ਲੋਕਾਂ ਦੇ ਤਾਅਨੇ-ਮਹਿਨਿਆਂ ਤੋਂ ਬਾਅਦ ਕੇਸ ਕਤਲ ਕਰ ਲਏ, ਪਰ ਉਨ੍ਹਾਂ ਦੀ ਬਤੌਰ ਸਿੱਖ ਖ਼ੁਦ ਦੀ ਭਾਲ ਦੀ ਸ਼ੁਰੂਆਤ ਵੀ ਹੁੰਦੀ ਹੈ।ਵਿਸ਼ਵਜੀਤ ਮੁਤਾਬਕ ਇਸ ਤੋਂ ਬਾਅਦ 10 ਸਾਲਾਂ ਤੱਕ ਉਨ੍ਹਾਂ ਨੇ ਖ਼ੁਦ ਉੱਤੇ ਖੋਜ ਕੀਤੀ ਕਿ ਅਸਲ ਵਿੱਚ ਉਹ ਕੌਣ ਹਨ।

ਉਹ ਦੱਸਦੇ ਹਨ, ''ਮੈਨੂੰ ਉਸ ਵੇਲੇ ਖ਼ਿਆਲ ਆਇਆ ਕਿ ਭਾਵੇਂ ਮੇਰਾ ਜਨਮ ਇੱਕ ਸਿੱਖ ਪਰਿਵਾਰ ਵਿੱਚ ਹੋਇਆ ਪਰ ਸਾਡਾ ਪਰਿਵਾਰ ਗੁਰਦੁਆਰਾ ਸਾਹਿਬ ਬਹੁਤ ਘੱਟ ਜਾਂਦਾ ਸੀ। ਸਾਡਾ ਬਾਣੀ ਨਾਲ ਕੋਈ ਕਨੈਕਸ਼ਨ ਨਹੀਂ ਸੀ। ਅਸੀਂ ਭਾਵੇਂ ਦੇਖਣ ਨੂੰ ਸਿੱਖ ਸੀ ਪਰ ਕੋਈ ਸਿੱਖੀ ਵੱਲ ਕੋਈ ਧਿਆਨ ਨਹੀਂ ਸੀ।''

''ਕੇਸ ਕਤਲ ਕਰਨ ਤੋਂ ਬਾਅਦ ਮੇਰੀ 10 ਸਾਲਾਂ ਦੀ ਯਾਤਰਾ ਦੌਰਾਨ ਮੈਨੂੰ ਕਿਤਾਬਾਂ ਨਾਲ ਸ਼ੌਂਕ ਪਿਆ, ਬੌਧ ਧਰਮ ਦੀਆਂ ਕਿਤਾਬਾਂ ਪੜ੍ਹੀਆਂ ਤੇ ਹੌਲੀ-ਹੌਲੀ ਮੈਂ ਗੁਰਦੁਆਰੇ ਜਾਣਾ ਸ਼ੁਰੂ ਕੀਤਾ। ਕੀਰਤਨ ਨਾਲ ਸ਼ੌਂਕ ਪਿਆ ਤੇ ਮੈਂ ਮੁੜ ਸਿੱਖੀ ਵਿੱਚ ਆਇਆ।'',

ਇਸ ਬਾਰੇ ਉਹ ਦੱਸਦੇ ਹਨ, ''ਮੈਂ ਅਗਸਤ 2001 ਵਿੱਚ ਵਰਲਡ ਟ੍ਰੇਡ ਸੈਂਟਰ ਉੱਤੇ ਹਮਲੇ ਤੋਂ ਇੱਕ ਮਹੀਨਾ ਪਹਿਲਾਂ ਹੀ ਦਸਤਾਰ ਸਜਾਈ ਸੀ ਤੇ ਸਿੱਖੀ ਸਰੂਪ ਵਿੱਚ ਆਇਆ ਸੀ।''''9/11 ਦਾ ਹਮਲਾ ਹੋਇਆ ਤੇ ਮੈਂ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਦਾੜ੍ਹੀ ਜਾਂ ਦਸਤਾਰ ਕਰਕੇ ਫੜ੍ਹੇ ਗਏ। ਕਈਆਂ ਉੱਤੇ ਹਮਲੇ ਹੋਏ, ਅਸੀਂ ਦੋ ਹਫ਼ਤੇ ਤੱਕ ਘਰ ਤੋਂ ਨਹੀਂ ਨਿਕਲੇ ਤੇ ਜਦੋਂ ਨਿਕਲੇ ਤਾਂ ਲੋਕਾਂ ਨੇ ਬਹੁਤ ਗੱਲਾਂ ਕੀਤੀਆਂ।''

9/11 ਦੇ ਹਮਲੇ ਮਗਰੋਂ ਕਾਫ਼ੀ ਸਮਾਂ ਸਿੱਖਾਂ ਅਤੇ ਹੋਰ ਧਰਮ ਦੇ ਲੋਕਾਂ ਲਈ ਔਖਾ ਰਿਹਾ ਪਰ ਵਿਸ਼ਵਜੀਤ ਸਿੰਘ ਨੇ ਇਸ ਸਮੇਂ ਨੂੰ ਬਦਲਣ ਦੀ ਠਾਨ ਲਈ ਸੀ।ਇਸੇ ਸਿਲਸਿਲੇ ਤਹਿਤ ਇੱਕ ਅਖ਼ਬਾਰ ਵਿੱਚ ਆਇਆ ਇੱਕ ਕਾਰਟੂਨ ਉਨ੍ਹਾਂ ਲਈ ਪ੍ਰੇਰਣਾ ਬਣਿਆ।ਇਸ ਬਾਰੇ ਵਿਸ਼ਵਜੀਤ ਸਿੰਘ ਦੱਸਦੇ ਹਨ, ''ਇਸ ਮਾਹੌਲ ਦੇ ਕੁਝ ਹਫ਼ਤਿਆਂ ਬਾਅਦ ਇੱਕ ਅਖ਼ਬਾਰ ਵਿੱਚ ਅਮਰੀਕੀ ਕਾਰਟਨਿਸਟ ਵੱਲੋਂ ਬਣਾਇਆ ਇੱਕ ਕਾਰਟੂਨ ਦੇਖਿਆ। ਇਸ ਕਾਰਟੂਨ ਵਿੱਚ ਇਹਨਾਂ ਹਾਲਾਤਾਂ ਕਰਕੇ ਸਿੱਖਾਂ ਅਤੇ ਹੋਰ ਲੋਕਾਂ ਨਾਲ ਹੁੰਦੇ ਨਫ਼ਰਤੀ ਅਪਰਾਧ ਤੋਂ ਬਾਅਦ ਦਿਖਾਇਆ ਗਿਆ ਸੀ ਕਿ ਜਿਹੜੇ ਲੋਕਾਂ ਨੇ ਦਸਤਾਰ ਸਜਾਈ ਜਾਂ ਦਾੜ੍ਹੀ ਰੱਖੀ ਹੈ, ਉਹ ਅਜਿਹਾ (ਹਮਲਾ) ਨਹੀਂ ਕਰਦੇ।''

''ਇਸ ਨਿੱਕੇ ਜਿਹੇ ਕਾਰਟੂਨ ਵਿੱਚ ਉਨ੍ਹਾਂ ਨੇ ਦਰਸਾਇਆ ਸੀ ਕਿ ਇਹ ਤਾਂ ਸਾਡੇ ਚੰਗੇ ਅਮਰੀਕੀ ਲੋਕ ਹਨ ਤੇ ਇਹਨਾਂ ਉੱਤੇ ਤਾਂ ਐਵੇਂ ਹੀ ਹਮਲੇ ਕੀਤੇ ਜਾ ਰਹੇ ਹਨ।''ਵਿਸ਼ਵਜੀਤ ਸਿੰਘ ਦੱਸਦੇ ਹਨ ਕਿ ਇਸੇ ਕਾਰਟੂਨ ਨੂੰ ਦੇਖਣ ਤੋਂ ਬਾਅਦ ਉਨ੍ਹਾਂ ਨੇ 2002 ਵਿੱਚ ਖ਼ੁਦ ਕਾਰਟੂਨਿਸਟ ਬਣਨ ਵੱਲ ਤਹੱਈਆ ਕੀਤਾ ਅਤੇ ਕਾਰਟੂਨ ਬਣਾਉਣੇ ਸ਼ੁਰੂ ਕੀਤੇ।

ਇਸ ਮਗਰੋਂ ਵਿਸ਼ਵਜੀਤ ਕਈ ਸਾਲਾਂ ਤੋਂ ਲਗਾਤਾਰ ਸਿੱਖ ਭਾਈਚਾਰੇ ਨੂੰ ਮੁੱਖ ਰੱਖਦਿਆਂ ਕਾਰਟੂਨ ਬਣਾਉਂਦੇ ਆ ਰਹੇ ਹਨ।ਵਿਸ਼ਵਜੀਤ ਮੁਤਾਬਕ ਉਨ੍ਹਾਂ ਨੇ ਪੂਰੀ ਦੁਨੀਆ ਵਿੱਚ ਵੱਸਦੇ ਸਿੱਖਾਂ ਅਤੇ ਪੰਜਾਬੀਆਂ ਬਾਰੇ ਕਾਰਟੂਨ ਰਾਹੀਂ ਕਹਾਣੀਆਂ ਦੱਸੀਆਂ ਹਨ।

2011 ਵਿੱਚ ਆਈ ਫ਼ਿਲਮ 'ਕੈਪਟਨ ਅਮੈਰਿਕਾ' ਰਾਹੀਂ 'ਸਿੱਖ ਕੈਪਟਨ ਅਮੈਰਿਕਾ' ਬਣਨ ਦਾ ਵਿਚਾਰ ਆਇਆ ਸੀ।ਇਸ ਬਾਰੇ ਉਹ ਕਹਿੰਦੇ ਹਨ, ''ਇਸ ਫ਼ਿਲਮ ਦਾ ਪੋਸਟਰ ਦੇਖ ਕੇ ਇਹੀ ਮਨ ਵਿੱਚ ਤਸਵੀਰ ਉੱਭਰੀ ਕਿ ਕੈਪਟਨ ਅਮੈਰਿਕਾ ਤਾਂ ਸਿੱਖ ਵੀ ਹੋ ਸਕਦਾ ਹੈ। ਮੇਰੇ ਵਾਂਗ ਹੀ ਕਈ ਲੋਕ ਅਮਰੀਕਾ ਦੀ ਪੈਦਾਇਸ਼ ਹਨ।''

''ਇਸ ਤੋਂ ਬਾਅਦ ਮੈਂ ਕੈਪਟਨ ਸਿੱਖ ਅਮੈਰਿਕਾ ਦਾ ਇੱਕ ਪੋਸਟਰ ਬਣਾਇਆ ਤੇ ਉਸ ਨੂੰ ਲੈ ਕੇ ਨਿਊਯਾਰਕ ਸ਼ਹਿਰ ਦੇ 'ਕੋਮਿਕੋਨ' ਫ਼ੈਸਟੀਵਲ ਵਿੱਚ ਗਿਆ। ਇਹ ਪੋਸਟਰ ਮੈਂ ਉੱਥੇ ਲੋਕਾਂ ਨੂੰ ਦਿਖਾਇਆ, ਕਈਆਂ ਨੂੰ ਪਸੰਦ ਆਇਆ ਤੇ ਕਈਆਂ ਨੂੰ ਨਹੀਂ। ਕੁਝ ਲੋਕ ਕਹਿੰਦੇ ਇਹ ਦਸਤਾਰ-ਦਾੜ੍ਹੀ ਕਿਵੇਂ ਹੈ।''

ਵਿਸ਼ਵਜੀਤ ਨੇ ਜੂਨ 2013 ਵਿੱਚ ਕੈਪਟਨ ਅਮੈਰਿਕਾ ਵਾਲੇ ਕੱਪੜੇ ਪਹਿਨੇ ਅਤੇ ਨਿਊ ਯਾਰਕ ਦੀਆਂ ਸੜਕਾਂ ਉੱਤੇ ਨਿਕਲੇ। ਉਨ੍ਹਾਂ ਮੁਤਾਬਕ ਇਸ ਰਾਹੀਂ ਉਨ੍ਹਾਂ ਨਾਲ ਬਹੁਤ ਹੈਰਾਨ ਕਰਨ ਵਾਲੀਆਂ ਗੱਲਾਂ ਵਾਪਰੀਆਂ।

ਉਸ ਵੇਲੇ ਨੂੰ ਯਾਦ ਕਰਦਿਆਂ ਵਿਸ਼ਵਜੀਤ ਦੱਸਦੇ ਹਨ, ''ਮੈਨੂੰ ਤਾਂ ਲੱਗਿਆ ਕਿ ਸ਼ਾਇਦ ਲੋਕੀ ਤੰਗ ਕਰਨਗੇ ਤੇ ਕਹਿਣਗੇ ਕਿ ਇਹ ਕੱਪੜੇ ਕਿਉਂ ਪਹਿਨੇ ਹਨ? ਪਰ ਜਦੋਂ ਲੋਕਾਂ ਨੇ ਮੈਨੂੰ ਕੈਪਟਨ ਅਮੈਰਿਕਾ ਦੀ ਡਰੈੱਸ ਵਿੱਚ ਦੇਖਿਆ ਤਾਂ ਜਿਵੇਂ ਦੁਨੀਆ ਹੀ ਬਦਲ ਗਈ।''

''ਉਸ ਦਿਨ ਬਗਾਨਿਆਂ ਨੇ ਮੈਨੂੰ ਜੱਫ਼ੀਆਂ ਪਾਈਆਂ, ਤਸਵੀਰਾਂ ਖਿਚਵਾਈਆਂ, ਕੋਈ ਵਿਆਹ ਹੋ ਰਿਹਾ ਸੀ ਤਾਂ ਮੈਨੂੰ ਉੱਥੇ ਸੱਦਾ ਦਿੱਤਾ ਗਿਆ, ਪੁਲਿਸ ਅਫ਼ਸਰ ਕਹਿੰਦੇ ਸਾਡੇ ਨਾਲ ਫੋਟੋਆਂ ਖਿਚਵਾਓ।''

ਉਹ ਅੱਗੇ ਦੱਸਦੇ ਹਨ, ''ਲੋਕਾਂ ਨੇ ਬਹੁਤ ਹੀ ਉਤਸਾਹ ਨਾਲ ਵਿਵਹਾਰ ਕੀਤਾ ਜਿਵੇਂ ਮੈਂ ਸੁਪਰਹੀਰੋ ਜਾਂ ਕੋਈ ਸਟਾਰ ਹਾਂ। ਬੱਸ ਇਸੇ ਦਿਨ ਤੋਂ ਬਾਅਦ ਮੈਨੂੰ ਲੱਗਿਆ ਕਿ ਕੁਝ ਤਾਂ ਵੱਖਰਾ ਹੋਇਆ ਤੇ ਕੋਈ ਨਵੀਂ ਚੀਜ਼ ਲੱਭੀ ਹੈ।''

ਵਿਸ਼ਵਜੀਤ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਕੈਪਟਨ ਸਿੱਖ ਅਮੈਰਿਕਾ ਵਾਲੀਆਂ ਤਸਵੀਰਾਂ ਵਾਇਰਲ ਹੋਈਆਂ ਤਾਂ ਲੋਕਾਂ ਨੇ ਸੱਦੇ ਦੇਣੇ ਸ਼ੁਰੂ ਕਰ ਦਿੱਤੇ ਕਿ ਉਨ੍ਹਾਂ ਦੇ ਸਕੂਲ ਆਓ, ਕੰਪਨੀ ਵਿੱਚ ਆਓ ਤੇ ਆਪਣੀ ਕਹਾਣੀ ਦੱਸੋ।

ਇਸ ਮਗਰੋਂ ਹੀ ਵਿਸ਼ਵਜੀਤ ਨੇ ਇੰਜੀਨੀਅਰਿੰਗ ਦੀ ਨੌਕਰੀ ਛੱਡ ਕੇ ☞


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਸਾਹਿਬਜਾਦਾ ਫਤਹਿ ਸਿੰਘ ਦਾ ਮਨਾਇਆ ਜਾਵੇਗਾ ਅਤੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਜ਼ਿਲ੍ਹਾ ਮਲੇਰਕੋਟਲਾ ਦੀ ਸੰਗਤ ਵੱਲੋਂ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ

2. ਭਾਈ ਸੁਰਜੀਤ ਸਿੰਘ ਢੱਡਾ ਪਰਿਵਾਰ ਵੱਲੋਂ ਇਹ ਅਖੰਡਪਾਠ ਸਾਹਿਬ 15 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 17 ਦਸੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

*15 ਦਸੰਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਵਿੰਦਰ ਸਿੰਘ ਟਿਟੇਜਾ ਪਰਿਵਾਰ ਵੱਲੋਂ ਆਪਣੇ ਬੇਟੇ ਤੇਗਵੀਰ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*16 ਦਸੰਬਰ ਦਿਨ ਸ਼ਨਿਚਰਵਾਰ ਸਵ. ਭਾਈ ਗੁਰਦਿਆਲ ਸਿੰਘ ਧਾਲੀਵਾਲ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਅਤੇ ਭੋਗ ਸ਼ਾਮ 3.30 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*17 ਦਸੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਤਨਵੀਰ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*17 ਦਸੰਬਰ ਦਿਨ ਐਤਵਾਰ ਸਵ. ਪਰਗਟ ਸਿੰਘ ਦੇਹਲ ਦਾ ਅੰਤਮ ਸਸਕਾਰ ਸਵੇਰੇ 11 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਅਤੇ ਭੋਗ ਦੁਪਹਿਰ 12.30 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*17 ਦਸੰਬਰ ਦਿਨ ਐਤਵਾਰ ਸਵ. ਭਾਈ ਸੁਰਿੰਦਰ ਸਿੰਘ ਮਠਾੜੂ ਦਾ ਅੰਤਮ ਸਸਕਾਰ ਸਵੇਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਅਤੇ ਭੋਗ ਦੁਪਹਿਰ 2 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*17 ਦਸੰਬਰ ਦਿਨ ਐਤਵਾਰ ਬੀਬੀ ਰਵਿੰਦਰ ਕੌਰ ਬੁੱਟਰ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਅਤੇ ਭੋਗ ਸ਼ਾਮ 3.30 ਵਜੇ ਗੁਰੂਘਰ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*21 ਦਸੰਬਰ ਦਿਨ ਵੀਰਵਾਰ ਨੂੰ ਸ਼ਾਮ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਬੀਬੀ ਤੇਜਿੰਦਰ ਕੌਰ ਵੱਲੋਂ ਆਪਣੇ ਬੱਚੇ ਦੀ ਯਾਦ ਵਿਚ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਗੁਰਬਚਨ ਸਿੰਘ ਪੰਨਵਾ (ਪ੍ਰਿੰਸੀਪਲ) ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਸਿੱਧੂ ਮੂਸੇਵਾਲਾ ਕਤਲ ਮਾਮਲਾ:ਲਾਰੈਂਸ ਤੇ ਜੱਗੂ ਭਗਵਾਨ ਪੁਰੀਆ ਨੇ ਲਿਆ ਯੂ-ਟਰਨ

## ਕਿਹਾ:ਅਸੀਂ ਨਹੀਂ ਮਰਵਾਇਆ ਮੂਸੇਵਾਲਾ

ਮਾਨਸਾ:ਪੰਜਾਬ ਦੇ ਮਸ਼ਹੂਰ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨ ਪੁਰੀਆ ਦੇ ਵਕੀਲ ਸ਼ੈਲੀ ਸ਼ਰਮਾ ਨੇ ਮਾਨਸਾ ਕੋਰਟ 'ਚ ਅਰਜ਼ੀ ਦਾਇਰ ਕੀਤੀ ਹੈ। ਉਨ੍ਹਾਂ ਨੇ ਵਕੀਲਾਂ ਰਾਹੀਂ ਕਿਹਾ ਗਿਆ ਸੀ ਕਿ ਕਤਲ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਸੀ।

ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਨੇ ਇਸ ਮਾਮਲੇ 'ਚ ਯੂ-ਟਰਨ ਲੈਂਦਿਆਂ ਕਿਹਾ ਕਿ ਉਹ ਬੇਕਸੂਰ ਹਨ ਅਤੇ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਲਈ ਇਸ ਮਾਮਲੇ ਵਿਚ ਉਨ੍ਹਾਂ ਨੂੰ ਡਿਸਚਾਰਜ ਕੀਤਾ ਜਾਣਾ ਚਾਹੀਦਾ ਹੈ।

ਲਾਰੈਂਸ ਬਿਸ਼ਨੋਈ ਨੇ 239 ਸੀ.ਆਰ.ਪੀ.ਸੀ. ਅਤੇ ਜੱਗੂ ਭਗਵਾਨ ਪੁਰੀਆ ਨੇ 227 ਸੀ.ਆਰ.ਪੀ.ਸੀ. ਦੇ ਤਹਿਤ ਅਰਜ਼ੀ ਦਾਇਰ ਕੀਤੀ ਹੈ ਕਿ ਦੋਵੇਂ ਮੁਲਜ਼ਮ ਨੂੰ ਇਸ ਕੇਸ 'ਚੋਂ ਬਰੀ ਕੀਤਾ ਜਾਵੇ, ਅਦਾਲਤ ਨੇ ਇਸ ਦੀ ਕਾਪੀ ਸਰਕਾਰੀ ਵਕੀਲ ਨੂੰ ਦੇ ਕੇ 5 ਜਨਵਰੀ ਨੂੰ ਆਪਣਾ ਜਵਾਬ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਮਸ਼ਹੂਰ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਮਾਨਸਾ ਦੀ ਅਦਾਲਤ 'ਚ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਦੋਸ਼ ਤੈਅ ਕਰਨ ਲਈ ਸੁਣਵਾਈ ਹੋਈ।

ਇਸ ਦੌਰਾਨ ਦੋਵਾਂ ਗੈਂਗਸਟਰਾਂ ਦੇ ਵਕੀਲਾਂ ਨੇ ਪਟੀਸ਼ਨਾਂ ਦਾਇਰ ਕੀਤੀਆਂ। ਵਰਣਨਯੋਗ ਹੈ ਕਿ ਅਦਾਲਤ ਕੋਲ ਇਹ ਅਧਿਕਾਰ ਹੁੰਦਾ ਹੈ ਕਿ ਜੇਕਰ ਕਿਸੇ ਦੋਸ਼ੀ 'ਤੇ ਦੋਸ਼ ਸਾਬਤ ਨਾ ਹੋਣ, ਤਾਂ ਉਸ ਨੂੰ ਡਿਸਚਾਰਜ ਕੀਤਾ ਜਾ ਸਕਦਾ ਹੈ।

ਗੈਂਗਸਟਰਾਂ ਵੱਲੋਂ ਪਾਈ ਪਟੀਸ਼ਨ 'ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਹਰ ਕਿਸੇ ਨੂੰ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਹੈ ਪਰ ਇਨ੍ਹਾਂ ਗੈਂਗਸਟਰਾਂ ਨੇ ਪਹਿਲਾਂ ਇੰਟਰਵਿਊਜ਼ ਅਤੇ ਫੋਨ ਕਾਲਾਂ ਰਾਹੀਂ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਕਤਲ ਕਿਉਂ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਗੈਂਗਸਟਰਾਂ ਕੋਲ ਬਹੁਤ ਪੈਸਾ ਹੈ, ਇਹ ਕੁਝ ਵੀ ਕਰ ਸਕਦੇ ਹਨ, ਮਹਿੰਗੇ ਤੋਂ ਮਹਿੰਗੇ ਵਕੀਲਾਂ ਨੂੰ ਰੱਖ ਸਕਦੇ ਹਨ। ਬਲਕੌਰ ਸਿੰਘ ਨੇ ਕਿਹਾ ਕਿ ਜਾਣਬੁੱਝ ਕੇ ਫੈਸਲੇ ਵਿਚ ਦੇਰੀ ਕਰਨ ਲਈ ਚਾਲਾਂ ਖੇਡ ਰਹੇ ਹਨ।




ਕਾਰਟੂਨ ਤੇ ਕਲਾ ਵੱਲ ਰੁਖ਼ ਕਰ ਲਿਆ ਤੇ ਆਪਣੀ ਕਹਾਣੀ ਲੋਕਾਂ ਨੂੰ ਦੱਸਣੀ ਸ਼ੁਰੂ ਕੀਤੀ।ਸਿਲਸਿਲਾ ਅੱਗੇ ਵੱਧਦਾ ਹੈ ਤਾਂ ਵਿਸ਼ਵਜੀਤ ਸਿੰਘ ਆਪਣੀ ਤੇ ਆਪਣੇ ਭਾਈਚਾਰੇ ਬਾਰੇ ਕਹਾਣੀ ਲੋਕਾਂ ਤੱਕ ਪਹੁੰਚਾਉਂਦੇ ਰਹਿੰਦੇ ਹਨ। ਇਸ ਤਹਿਤ ਉਹ ਨਸਲੀ ਹਮਲੇ, ਹਿੰਸਾ ਅਤੇ ਹੋਰ ਅਪਰਾਧਾਂ ਸਣੇ ਮਾੜੇ ਵਤੀਰੇ ਦੀ ਗੱਲ ਜਾਰੀ ਰੱਖਦੇ ਹਨ।ਇਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਫ਼ਿਲਮ ਨਿਰਦੇਸ਼ਕ ਰਿਆਨ ਵੇਸਤਰਾ ਨਾਲ ਹੁੰਦੀ ਹੈ, ਜੋ ਪਹਿਲਾਂ ਹੀ ਵਿਸ਼ਵਜੀਤ ਸਿੰਘ ਉੱਤੇ ਇੱਕ ਦਸਤਾਵੇਜ਼ੀ ਫ਼ਿਲਮ 'ਰੈੱਡ, ਵ੍ਹਾਈਟ ਐਂਡ ਬੀਅਰਡ' ਬਣਾ ਚੁੱਕੇ ਸਨ।'ਰੈੱਡ, ਵ੍ਹਾਈਟ ਐਂਡ ਬੀਅਰਡ' ਫ਼ਿਲਮ ਰਾਹੀਂ ਰਿਆਨ ਇਹ ਦਿਖਾ ਚੁੱਕੇ ਸਨ ਕਿ ਜਦੋਂ ਵਿਸ਼ਵਜੀਤ ਕੈਪਟਨ ਅਮੈਰਿਕਾ ਵਾਲੇ ਕੱਪੜੇ ਪਹਿਨਦੇ ਹਨ ਤਾਂ ਲੋਕ ਉਨ੍ਹਾਂ ਨਾਲ ਚੰਗਾ ਵਤੀਰਾ ਰੱਖਦੇ ਹਨ ਅਤੇ ਜਦੋਂ ਉਹ ਸਾਦੇ ਕੱਪੜਿਆਂ ਵਿੱਚ ਆ ਜਾਂਦੇ ਹਨ ਤਾਂ ਮੁੜ ਮਾੜਾ ਵਤੀਰਾ ਸ਼ੁਰੂ ਹੋ ਜਾਂਦਾ ਹੈ।ਵਿਸ਼ਵਜੀਤ ਮੁਤਾਬਕ ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਰਿਆਨ ਨੇ 2018-19 ਦਰਮਿਆਨ ਸਿੱਖਾਂ ਬਾਰੇ ਦੁਨੀਆ ਨੂੰ ਹੋਰ ਦੱਸਣ ਦੇ ਇਰਾਦੇ ਨਾਲ 'ਅਮੈਰਿਕਨ ਸਿੱਖ' ਫ਼ਿਲਮ ਦਾ ਵਿਚਾਰ ਰੱਖਿਆ ਤੇ ਕਿਹਾ ਕਿ 'ਮੈਂ ਤੁਹਾਡੀ ਕਹਾਣੀ ਪੂਰੀ ਦੁਨੀਆ ਨੂੰ ਦੱਸਣਾ ਚਾਹੁੰਦਾ ਹਾਂ।''ਅਮੈਰਿਕਨ ਸਿੱਖ' ਬਾਰੇ ਗੱਲ ਕਰਦਿਆਂ ਵਿਸ਼ਵਜੀਤ ਕਹਿੰਦੇ ਹਨ, ''ਅਸੀਂ ਕੋਈ ਚਾਰ ਸਾਲ ਲਗਾਏ, ਪੈਸੇ ਇਕੱਠੇ ਕੀਤੇ ਅਤੇ ਫ਼ਿਲਮ ਬਣਾਈ।''ਤਕਰਬੀਨ 10 ਮਿੰਟਾਂ ਦੀ ਇਸ ਐਨੀਮੇਸ਼ਨ ਸ਼ੌਰਟ ਫ਼ਿਲਮ ਦੀ ਸ਼ੁਰੂਆਤ ਭਾਰਤ ਵਿੱਚ ਹੋਏ 1984 ਦੇ ਸਿੱਖ ਕਤਲੇਆਮ ਤੋਂ ਹੁੰਦੀ ਹੈ।ਜਦੋਂ ਵਿਸ਼ਵਜੀਤ ਸਿੰਘ ਮਹਿਜ਼ ਚਾਰ ਸਾਲ ਦੇ ਸਨ ਤਾਂ ਉਨ੍ਹਾਂ ਦਾ ਪਰਿਵਾਰ ਭਾਰਤ ਆਉਂਦਾ ਹੈ, ਦਿੱਲੀ ਵਿੱਚ ਉਹ ਇੱਕ ਸਿੱਖ ਸਕੂਲ ਵਿੱਚ ਪਹਿਲੀ ਤੋਂ 12ਵੀਂ ਤੱਕ ਦੀ ਪੜ੍ਹਾਈ ਕਰਦੇ ਹਨ।ਉਨ੍ਹਾਂ ਦੀ ਸਕੂਲੀ ਪੜ੍ਹਾਈ ਦੌਰਾਨ ਹੀ 1984 ਦਾ ਘਟਨਾਕ੍ਰਮ ਵਾਪਰਦਾ ਹੈ।ਵਿਸ਼ਵਜੀਤ ਸਿੰਘ ਦੱਸਦੇ ਹਨ, ''ਦਿੱਲੀ ਵਿੱਚ ਰਹਿੰਦਿਆਂ ਉਸ ਸਮੇਂ ਸਾਡੇ ਘਰ ਵੀ ਭੀੜ ਆਈ ਸੀ। ਸਾਡੀ ਕਿਸਮਤ ਚੰਗੀ ਸੀ ਕਿ ਅਸੀਂ ਬੱਚ ਗਏ। ਪਰ ਉਸ ਘੱਲੂਘਾਰੇ-ਕਤਲੇਆਮ ਵਿੱਚ ਬਹੁਤ ਲੋਕਾਂ ਦੀਆਂ ਜਾਨਾਂ ਗਈਆਂ ਸਨ।''ਕਿਉਂਕਿ ਵਿਸ਼ਵਜੀਤ ਸਿੰਘ ਅਮਰੀਕਾ ਦੇ ਨਾਗਰਿਕ ਹਨ ਇਸ ਲਈ ਉਹ ਭਾਰਤ ਵਿੱਚ ਹਾਈ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਅਮਰੀਕਾ ਪਰਤ ਆਉਂਦੇ ਹਨ।ਵਿਸ਼ਵਜੀਤ ਸਿੰਘ ਕਹਿੰਦੇ ਹਨ, ''9/11 ਹਮਲੇ ਨੂੰ 22 ਸਾਲ ਹੋ ਚੁੱਕੇ ਹਨ, ਪਰ ਹਾਲੇ ਵੀ ਕਈ ਅਮਰੀਕੀਆਂ ਨੂੰ ਸਿੱਖਾਂ ਬਾਰੇ ਜਾਗਰੂਕਤਾ ਬਹੁਤ ਘੱਟ ਹੈ। ਕਿਉਂਕਿ ਲੋਕਾਂ ਨੂੰ ਨਹੀਂ ਪਤਾ ਕਿ ਸਿੱਖ ਕੌਣ ਹੁੰਦੇ ਹਨ, ਇਸ ਲਈ ਸਾਡੇ ਨਾਲ ਮੁੜ ਨਫ਼ਰਤੀ ਅਪਰਾਧ ਹੋਣੇ ਸ਼ੁਰੂ ਹੋ ਗਏ ਹਨ।''''ਇਹ ਚੀਜ਼ਾਂ ਖ਼ਤਮ ਨਹੀਂ ਹੋਈਆਂ ਪਰ ਜਿਸ ਤਰ੍ਹਾਂ ਹਾਲਾਤ ਉੱਤੇ-ਥੱਲੇ ਹੁੰਦੇ ਹਨ, ਇਹ ਚੀਜ਼ਾਂ ਹੁੰਦੀਆਂ ਰਹਿੰਦੀਆਂ ਹਨ।''''ਇਸੇ ਲਈ ਮੈਂ ਆਪਣੇ ਤਜਰਬੇ ਤੋਂ ਇਹ ਸਿੱਖਿਆ ਹੈ ਕਿ ਕਾਰਟੂਨ, ਕਿਤਾਬ, ਕਲਾ, ਫ਼ਿਲਮਾਂ ਆਦਿ ਬਹੁਤ ਮਜ਼ਬੂਤ ਮਾਧਿਅਮ ਹਨ ਤੇ ਇਹਨਾਂ ਰਾਹੀਂ ਅਸੀਂ ਆਪਣੀ ਕਹਾਣੀ ਦੱਸਣੀ ਹੈ।''



# ਸਿਹਤ ਸੰਬੰਧੀ





# ਵਾ.ਲਾਂ ਦਾ ਝੜਨਾ, ਐਲੋਪੀਸ਼ੀਆ ਅਤੇ ਹੋਮਿਓਪੈਥੀ

ਵਾ.ਲਾਂ ਦੇ ਟੁੱਟਣ ਜਾਂ ਝੜਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਪ੍ਰਮੁੱਖ ਤੌਰ ’ਤੇ ਦੇਖੀਆਂ ਜਾਂਦੀਆਂ ਹਨ:

1.ਐਲੋਪੀਸ਼ੀਆ ਐਡਨਾਟਾ (Alopecia Adnata): ਜਨਮ ਵੇ.ਲੇ ਬੱਚੇ ਦੇ ਸਿਰ ਉੱਤੇ ਵਾ.ਲ ਨਾ ਹੋਣ ਜਾਂ ਜਨਮ ਲੈਣ ਤੋਂ ਬਾਅਦ ਉੱਤਰਦੇ ਹੋਣ। ਬੱਚੇ ਦੀ ਮਾਂ ਜਾਂ ਬੱਚੇ ਦੀ ਖ਼ੁਰਾਕ ਵਿੱਚ ਘਾਟ ਇਸ ਦਾ ਖ਼ਾਸ ਕਾਰਨ ਹੁੰਦਾ ਹੈ। ਖ਼ੁਰਾਕ ਦਾ ਚੰਗੀ ਤਰ੍ਹਾਂ ਹਜ਼ਮ ਨਾ ਹੋਣਾ ਵੀ ਇੱਕ ਕਾਰਨ ਹੋ ਸਕਦਾ ਹੈ।

2.ਐਲੋਪੀਸ਼ੀਆ ਐਰੀਐਟਾ (Alopecia Areata): ਇਸ ਕਿਸਮ ਵਿੱਚ ਵਾ.ਲ ਚੌੜੇ-ਚੌੜੇ ਅਤੇ ਗੋਲ ਚਟਾਕਾਂ ਵਿੱਚ ਉੱਤਰਦੇ ਹਨ ਅਤੇ ਇਹ ਖ਼ਾਲੀ ਚਟਾਕ ਦਿਨ-ਬ-ਦਿਨ ਵਧਦੇ ਜਾਂਦੇ ਹਨ। ਮਰਦਾਂ ਵਿੱਚ ਸਿਰ ਦੇ ਨਾਲ-ਨਾਲ ਦਾੜ੍ਹੀ ਜਾਂ ਭਰਵੱਟਿਆਂ ਦੇ ਵਾ.ਲ ਵੀ ਪ੍ਰਭਾਵਿਤ ਹੋ ਸਕਦੇ ਹਨ। ਇਸ ਰੋਗ ਦਾ ਕਾਰਨ ਇੱਕ ਖ਼ਾਸ ਪ੍ਰਕਾਰ ਦੇ ਕਿਟਾਣੂ ਹੁੰਦੇ ਹਨ।

3.ਐਲੋਪੀਸ਼ੀਆ ਪ੍ਰੈਜ਼ੈਨਿਲਿਸ (ਅਲੋਪਏਚਿਓ ਫਰਏਸਏਨਲਿਸਿ): 20 ਤੋਂ 30 ਸਾਲ ਦੀ ਉਮਰ ਵਿੱਚ ਵਾ.ਲ ਮੱਥੇ ਤੋਂ ਡਿੱਗਣੇ ਸ਼ੁਰੂ ਹੋ ਕੇ ਸਿਰ ਦੇ ਪਿਛਲੇ ਪਾਸੇ ਵੱਲ ਨੂੰ ਉੱਤਰਦੇ ਰਹਿੰਦੇ ਹਨ।

4.ਐਲੋਪੀਸ਼ੀਆ ਸੀਨਾਇਲਿਸ (Alopecia Senilis): 40-50 ਸਾਲ ਦੀ ਉਮਰ ਵਿੱਚ ਕਈਆਂ ਦੇ ਸਿਰ ਵਿੱਚ ਗੰਜ ਪੈਣਾ ਸ਼ੁਰੂ ਹੋ ਜਾਂਦਾ ਹੈ। ਵਾ.ਲ ਹੌਲੇ-ਹੌਲੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਵਾ.ਲਾਂ ਵਿੱਚ ਚਮਕ ਨਹੀਂ ਰਹਿੰਦੀ। ਇਸ ਦੇ ਕਾਰਨ ਖੋਪੜੀ ਦੀ ਚਮੜੀ ਦਾ ਰੋਗ ਜਾਂ ਖੋਪੜੀ ਵਿੱਚ ਲਹੂ-ਚੱਕਰ ਦੀ ਘਾਟ ਆਦਿ ਹੁੰਦੇ ਹਨ।

ਬਹੁਤੇ ਵਿਅਕਤੀਆਂ ਵਿੱਚ 50-100 ਵਾ.ਲ ਹਰ ਰੋਜ਼ ਡਿੱਗਦੇ ਹਨ। ਜਿਸ ਦਿਨ ਸਿਰ ਧੋਣਾ ਹੋਵੇ ਤਾਂ ਵਾ.ਲਾਂ ਦੇ ਡਿਗਣ ਦੀ ਮਿਕਦਾਰ ਵਧ ਕੇ 200-250 ਤਕ ਹੋ ਸਕਦੀ ਹੈ। ਪਰ ਵਾ.ਲਾਂ ਨੂੰ ਡਿਗਣ ਤੋਂ ਬਚਾਉਣ ਵਾਸਤੇ ਵਾ.ਲਾਂ ਨੂੰ ਨਾ ਧੋਣਾ ਕੋਈ ਹੱਲ ਨਹੀਂ ਕਿਉਂਕਿ ਜੇ ਵਾ.ਲ ਡਿਗਣੇ ਸ਼ੁਰੂ ਹੋਏ ਹਨ ਤਾਂ ਡਿਗਦੇ ਹੀ ਰਹਿਣਗੇ, ਜਦੋਂ ਤਕ ਕੋਈ ਢੁਕਵਾਂ ਹੱਲ ਨਹੀਂ ਲੱਭ ਲਿਆ ਜਾਂਦਾ। ਔਰਤਾਂ ਦੇ ਕੇਸ ਵਿੱਚ ਵਾ.ਲਾਂ ਦੇ ਝੜਨ ਬਾਰੇ ਸਵੇਰੇ ਜਾਗਣ ਵੇ.ਲੇ ਉਨ੍ਹਾਂ ਦੇ ਸਿਰ੍ਹਾਣੇ ’ਤੇ ਡਿਗੇ ਹੋਏ ਵਾਧੂ ਵਾ.ਲਾਂ ਤੋਂ ਪਤਾ ਲਗ ਜਾਂਦਾ ਹੈ ਜਾਂ ਜਦੋਂ ਉਹ ਵਾ.ਲ ਵਾਹੁੰਦੀਆਂ ਹਨ ਤਾਂ ਕੰਘੇ ਵਿੱਚ ਵਾ.ਲ ਟੁੱਟ ਕੇ ਫ਼ਸ ਜਾਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਵਾ.ਲਾਂ ਦਾ ਝੜਨਾ ਸ਼ੁਰੂ ਹੋ ਚੁੱਕਾ ਹੈ।ਔਰਤਾਂ ਅਤੇ ਮਰਦਾਂ ਦੇ ਸਿਰ ਦੇ ਵਾ.ਲ ਝੜਨ ਦਾ ਵੀ ਇੱਕ ਅਲੱਗ ਪੈਟ੍ਰਨ ਵੇਖਣ ਵਿੱਚ ਆਉਂਦਾ ਹੈ। ਮਰਦਾਂ ਦੇ ਕੇਸ ਵਿੱਚ ਵਾ.ਲ ਮੂਹਰੇ ਤੋਂ, ਭਾਵ ਮੱਥੇ ਤੋਂ ਝੜਨੇ ਸ਼ੁਰੂ ਹੋ ਕੇ ਪਿੱਛੇ ਵੱਲ ਨੂੰ ਜਾਂਦੇ ਹਨ ਜਾਂ ਸਿਰ ਦੇ ਵਿਚਾਲੇ ਤੋਂ ਡਿਗਣੇ ਸ਼ੁਰੂ ਹੁੰਦੇ ਹਨ। ਔਰਤਾਂ ਦੇ ਕੇਸ ਵਿੱਚ ਵਾ.ਲ ਸਿਖਰ ਦੇ 1/3 ਹਿੱਸੇ ਤੋਂ ਲੈ ਕੇ ਹਿੱਸੇ ਤਕ ਡਿਗਦੇ ਹਨ। ਆਮ ਤੌਰ ’ਤੇ ਔਰਤਾਂ ਦੇ ਸਿਰ ਦੇ ਮੂਹਰਲੇ ਵਾ.ਲ ਠੀਕ ਅਵਸਥਾ ਵਿੱਚ ਰਹਿੰਦੇ ਹਨ। ਵਾ.ਲਾਂ ਦੇ ਝੜਨ ਦੇ ਪਿੱਛੇ ਜਿੱਥੇ ਕਈ ਤਰ੍ਹਾਂ ਦੇ ਮੈਡੀਕਲ ਕਾਰਨ ਹੋ ਸਕਦੇ ਹਨ, ਜਿਵੇਂ ਥਾਇਰਾਇਡ ਸੰਬੰਧਤ ਰੋਗ, ਖ਼ੂਨ ਦੀ ਘਾਟ, ਪਰਸੂਤ ਦਿਨਾਂ ਵਿੱਚ, ਚਮੜੀ ਰੋਗ ਜਾਂ ਕੋਈ ਆਟੋ-




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਇਮਿਊਨ ਵਿਗਾੜ। ਇਨ੍ਹਾਂ ਤੋਂ ਇਲਾਵਾ ਖਾਨਦਾਨੀ ਕਾਰਨ ਵੀ ਵਾ.ਲਾਂ ਦੇ ਝੜਨ ਵਿੱਚ ਭੂਮਿਕਾ ਨਿਭਾ ਸਕਦੇ ਹਨ। ਤਣਾਅ, ਪਰੇਸ਼ਾਨੀ ਜਾਂ ਕਿਸੇ ਵਜ੍ਹਾ ਕਰਕੇ ਹੋਇਆ ਉਦਾਸੀ ਰੋਗ ਵੀ ਵਾ.ਲਾਂ ਦੇ ਝੜਨ ਦਾ ਸੰਭਾਵਤ ਕਾਰਨ ਬਣਦਾ ਹੈ। ਕਈ ਕੇਸਾਂ ਵਿੱਚ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਫ਼ੈਸ਼ਨ ਦੇ ਤੌਰ ’ਤੇ ਸਿੱਧੇ ਵਾ.ਲਾਂ ਨੂੰ ਕੁੰਡਲਦਾਰ ਕਰਵਾਉਣ ਜਾਂ ਕੁੰਡਲਦਾਰ ਵਾ.ਲਾਂ ਨੂੰ ਸਿੱਧੇ ਕਰਵਾਉਣ ਦੀ ਪ੍ਰਕਿਰਿਆ ਦੌਰਾਨ ਵਰਤੇ ਗਏ ਕੈਮੀਕਲ ਵੀ ਵਾ.ਲਾਂ ਦੇ ਝੜਨ ਦੀ ਵਜ੍ਹਾ ਬਣ ਸਕਦੇ ਹਨ।ਵਾ.ਲਾਂ ਨੂੰ ਝੜਨ ਤੋਂ ਰੋਕਣ ਵਾਸਤੇ ਇਨ੍ਹਾਂ ਦੇ ਡਿਗਣ ਦੇ ਕਾਰਨਾਂ ਨੂੰ ਪਛਾਣਨਾ ਬਹੁਤ ਲਾਜ਼ਮੀ ਹੁੰਦਾ ਹੈ। ਢੁਕਵੇਂ ਇਲਾਜ ਰਾਹੀਂ ਅਤੇ ਚੰਗਾ ਪੌਸ਼ਟਿਕ ਆਹਾਰ ਲੈਣ ਨਾਲ ਇਸ ਸਮੱਸਿਆ ਨੂੰ ਕਿਸੇ ਹੱਦ ਤਕ ਠੀਕ ਕੀਤਾ ਜਾ ਸਕਦਾ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਪੀੜ੍ਹਤ ਵਿਅਕਤੀ ਦੇ ਜੀਵਨ ਦੇ ਹਰ ਉਸ ਪਹਿਲੂ ਨੂੰ ਗਹਿਰਾਈ ਨਾਲ ਘੋਖਿਆ ਜਾਂਦਾ ਹੈ ਜੋ ਵਾ.ਲ ਡਿਗਣ ਦੀ ਵਜ੍ਹਾ ਬਣਦੇ ਹਨ। ਵਿਅਕਤੀ ਦਾ ਜੀਵਨ ਚਿੱਤਰਣ ਸੰਬੰਧੀ ਪੂਰੀ ਜਾਣਕਾਰੀ ਲਈ ਜਾਂਦੀ ਹੈ, ਜਿਵੇਂ ਕਿ ਉਸ ਦਾ ਸੁਭਾਅ, ਖਾਣ-ਪੀਣ ਦੀਆਂ ਆਦਤਾਂ, ਕੰਮ-ਕਾਰ ਦੀ ਕਿਸਮ, ਭੁੱਖ, ਪਿਆਸ, ਨੀਂਦ, ਕਬਜ਼ ਆਦਿ। ਨਾਲ ਹੀ, ਪੀੜ੍ਹਤ ਵਿਅਕਤੀ ਜਿਹੜੇ ਰੋਗਾਂ ਤੋਂ ਗ੍ਰਸਤ ਹੋਵੇ, ਉਨ੍ਹਾਂ ਸਭ ਰੋਗਾਂ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ। ਇੰਝ ਵਿਸਥਾਰਪੂਰਵਕ ਹਿਸਟਰੀ ਲੈਣ ਉਪਰੰਤ ਹੀ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ ਜੋ ਕਿ ਵਿਅਕਤੀ ਦੇ ਪੂਰੇ ਸਿਸਟਮ ਨੂੰ ਸੰਤੁਲਿਤ ਕਰਦਿਆਂ ਝੜਦੇ ਵਾ.ਲਾਂ ਦੀ ਰੋਕਥਾਮ ਵਿੱਚ ਸਹਾਈ ਹੁੰਦੀ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਹੋਟਲ ਦਾ ਬੈਰ੍ਹਾ ਬੋਲਿਆ, ''ਹਜ਼ੂਰ, ਪਿਛਲੀ ਵਾਰ ਜਦੋਂ ਤੁਸੀਂ ਜਾਣ ਲੱਗੇ ਸੀ ਤਾਂ ਟਿਪ ਦੇ ਤੌਰ 'ਤੇ ਮੈਨੂੰ 50 ਰੁਪਏ ਦਾ ਨੋਟ ਦਿੱਤਾ ਸੀ, ਰੱਬ ਤੁਹਾਡੀ ਉਮਰ ਲੰਮੀ ਕਰੇ।''

ਬਜ਼ੁਰਗ ਬੋਲਿਆ, ''ਹਾਂ ਇਸੇ ਗੱਲ 'ਤੇ 50 ਰੁਪਏ ਦਾ ਨੋਟ ਦਿੱਤਾ ਸੀ।''

''ਹਜ਼ੂਰ ਐਤਕੀਂ ਸਿਰਫ 10 ਦਾ ਨੋਟ?''

''ਹੁਣ ਮੈਨੂੰ ਲੰਮੀ ਉਮਰ ਨਹੀਂ ਚਾਹੀਦੀ, ਬੇਟਾ ਤੇ ਨੂੰਹ ਮੈਨੂੰ ਆਪਣੇ ਘਰ ਲੈ ਗਏ ਹਨ।''

-------------

ਸ਼ਾਤਿਰ ਬਦਮਾਸ਼ ਪੁਲੀਸ ਰਿਮਾਂਡ 'ਚ ਮੂੰਹ ਨਹੀਂ ਖੋਲ੍ਹ ਰਿਹਾ ਸੀ।ਪੁਲੀਸ ਨੇ ਥਰਡ ਡਿਗਰੀ ਟਾਰਚਰ ਦੇ ਸਾਰੇ ਤਰੀਕੇ ਅਪਣਾਏ ਪਰ ਸਭ ਬੇਕਾਰ। ਇਕ ਹੌਲਦਾਰ ਜੋ ਕਿ ਕਵੀ ਵੀ ਸੀ, ਆਪਣੀਆਂ ਕਵਿਤਾਵਾਂ ਲੈ ਕੇ ਉਸ ਦੇ ਸਾਹਮਣੇ ਬੈਠ ਗਿਆ। ਅਜੇ ਉਸ ਨੇ 4 ਕਵਿਤਾਵਾਂ ਹੀ ਸੁਣਾਈਆਂ ਸਨ ਕਿ ਬਦਮਾਸ਼ ਚੀਕ ਕੇ ਬੋਲਿਆ, ''ਹਾਂ-ਹਾਂ, ਮੈਂ ਦੋਹਰਾ ਕਤਲ ਕੀਤਾ ਹੈ, ਜਿਥੇ ਮਰਜ਼ੀ ਲਿਖਵਾ ਲਵੋ ਪਰ ਇਸ ਕਵੀ ਨੂੰ ਚੁੱਪ ਹੋਣ ਲਈ ਕਹੋ।''

-------------

ਇੱਕ ਅਭਿਨੇਤਰੀ ਨੇ ਇੱਕ ਫਿਲਮ ਵਿੱਚ 'ਪਾਗਲ ਭਿਖਾਰਣ' ਦਾ ਰੋਲ ਕਰਨਾ ਸੀ। ਉਸ ਨੇ ਨਿਰਦੇਸ਼ਕ ਨੂੰ ਪੁੱਛਿਆ ਕਿ ਮੈਨੂੰ ਪਾਗਲ ਭਿਖਾਰਣ ਲੱਗਣ ਲਈ ਕੀ ਕਰਨਾ ਚਾਹੀਦੈ?''

ਨਿਰਦੇਸ਼ਕ ਤਰੰਤ ਬੋਲਿਆ, ''ਕੁੱਝ ਕਰਨ ਦੀ ਲੋੜ ਨਹੀਂ। ਜਿਹੋ ਜਿਹੀ ਲੱਗਦੀ ਏਂ, ਠੀਕ ਏਂ।''

-------------

ਸਰਦੀਆਂ ਦੇ ਦਿਨ ਸਨ। ਮੁਰਾਰੀ ਨੇ ਸਵੇਰੇ-ਸਵੇਰੇ ਆਪਣੇ ਦੋਸਤ ਸੋਹਣ ਦੇ ਘਰ ਦੀ ਡੋਰ-ਬੈਲ ਵਜਾਈ। ਸੋਹਣ ਦੀ ਮਾਂ ਬਾਹਰ ਆਈ ਅਤੇ ਬੜੇ ਗੁੱਸੇ ਨਾਲ ਮੁਰਾਰੀ ਨੂੰ ਬੋਲੀ, ''ਕੀ ਗੱਲ ਹੈ?''

ਮੁਰਾਰੀ ਡਰਦਾ-ਡਰਦਾ ਬੋਲਿਆ, ''ਆਂਟੀ, ਕੀ ਸੋਹਣ ਮੇਰੇ ਨਾਲ ਖੇਡਣ ਲਈ ਬਾਹਰ ਆ ਸਕਦਾ ਹੈ?''

''ਨਹੀਂ, ਉਸ ਨੂੰ ਰਾਤ ਨੂੰ ਠੰਡ ਲੱਗ ਗਈ ਹੈ ਅਤੇ ਉਂਝ ਵੀ ਬਾਹਰ ਬਹੁਤ ਜ਼ਿਆਦਾ ਸਰਦੀ ਹੈ।'' ਮਾਂ ਨੇ ਜਵਾਬ ਦਿੱਤਾ।

ਮੁਰਾਰੀ ਫਿਰ ਬੋਲ ਪਿਆ, ''ਤਾਂ ਕੀ ਆਂਟੀ ਸੋਹਣ ਦਾ ਫੁੱਟਬਾਲ ਮੈਨੂੰ ਤੁਸੀਂ ਦੇ ਸਕਦੇ ਹੋ, ਉਸ ਨੂੰ ਤਾਂ ਸਰਦੀ ਤੋਂ ਕੋਈ ਖਤਰਾ ਨਹੀਂ ਹੈ ਨਾ।''

-------------

ਅਜੇ:- ਪਤਨੀ ਤੋਂ ਜ਼ਿਆਦਾ ਤਾਂ ਮੈਨੂੰ ਉਸ ਦੇ ਕੱਪੜੇ ਇੱਜ਼ਤ ਦਿੰਦੇ ਹਨ।

ਵਿਜੇ: ਉਹ ਕਿਵੇਂ ?

ਅਜੇ:ਜਦੋਂ ਵੀ ਅਲਮਾਰੀ ਖੋਲ੍ਹਦਾ ਹਾਂ, 2-3 ਪੈਰਾਂ 'ਤੇ ਡਿੱਗ ਹੀ ਪੈਂਦੇ ਹਨ।

-------------

ਕੋਰਟ ਵਿੱਚ ਜੱਜ ਨੇ ਹੁਕਮ ਦਿੱਤਾ, ਤੈਨੂੰ ਆਪਣੀ ਅੱਧੀ ਤਨਖਾਹ ਪਤਨੀ ਨੂੰ ਦੇਣੀ ਪਵੇਗੀ।

ਪਤੀ (ਖੁਸ਼ ਹੁੰਦਾ ਹੋਇਆ), ਚਲੋ ਚੰਗਾ ਹੈ, ਘੱਟੋ-ਘੱਟ ਹੁਣ ਅੱਧੀ ਤਨਖਾਹ ਤਾਂ ਮੇਰੇ ਕੋਲ ਰਹੇਗੀ।

-------------

ਅਧਿਆਪਕ:ਕੱਲ੍ਹ ਹੋਮਵਰਕ ਨਾ ਕੀਤਾ ਤਾਂ ਮੁਰਗਾ ਬਣਾਵਾਂਗਾ।

ਪੱਪੂ:ਸਰ ਮੁਰਗਾ ਤਾਂ ਮੈਂ ਖਾਂਦਾ ਨਹੀਂ, ਸ਼ਾਹੀ ਪਨੀਰ ਬਣਾ ਲੈਣਾ।

-------------

ਸੰਤਾ-ਮੈਂ ਨਦੀ ਵਿਚ ਡੁੱਬ ਰਹੇ ਬੰਦੇ ਨੂੰ ਬਾਹਰ ਕੱਢਿਆ।

ਬੰਤਾ- ਫੇਰ ਕੀ ਹੋਇਆ?

ਸੰਤਾ:ਫਿਰ ਨਦੀ ਵਿੱਚ ਸੁੱਟ ਦਿੱਤਾ।

ਬੰਤਾ- ਤੂੰ ਅਜਿਹਾ ਕਿਉਂ ਕੀਤਾ?

ਸੰਤਾ:ਇੱਕ ਕਹਾਵਤ ਹੈ: ਨੇਕੀ ਕਰੋ ਦਰਿਆ 'ਚ ਸੁੱਟੋ ।

-------------

ਪਤੀ (ਮਰਨ ਵੇਲੇ ਪਤਨੀ ਨੂੰ), ''ਅਲਮਾਰੀ ਵਿੱਚੋਂ ਤੇਰੇ ਸੋਨੇ ਦੇ ਗਹਿਣੇ ਮੈਂ ਹੀ ਚੋਰੀ ਕੀਤੇ ਸਨ।''

ਪਤਨੀ (ਰੋਂਦੀ ਹੋਈ), ''ਕੋਈ ਗੱਲ ਨਹੀਂ ਜੀ।''

ਪਤੀ, ''ਤੇਰੇ ਭਰਾ ਨੇ ਜਿਹੜੇ ਇੱਕ ਲੱਖ ਰੁਪਏ ਤੈਨੂੰ ਦਿੱਤੇ ਸਨ, ਉਹ ਵੀ ਮੈਂ ਗਾਇਬ ਕੀਤੇ ਸਨ।''

ਪਤਨੀ, ''ਕੋਈ ਗੱਲ ਨਹੀਂ ਜੀ, ਮੈਂ ਤੁਹਾਨੂੰ ਮੁਆਫ ਕਰ ਦਿੱਤਾ।''

ਪਤੀ, ''ਤੇਰੀਆਂ ਕੀਮਤੀ ਸਾੜ੍ਹੀਆਂ ਵੀ ਚੋਰੀ ਕਰ ਕੇ ਮੈਂ ਆਪਣੀ ਪ੍ਰੇਮਿਕਾ ਨੂੰ ਦੇ ਦਿੱਤੀਆਂ ਸਨ।''

ਪਤਨੀ, ''ਕੋਈ ਗੱਲ ਨਹੀਂ ਜੀ। ਤੁਹਾਨੂੰ ਜ਼ਹਿਰ ਵੀ ਮੈਂ ਹੀ ਦਿੱਤਾ ਹੈ। ਹਿਸਾਬ ਬਰਾਬਰ।''

*************

ਪੱਪੂ ਐਲ ਕੇ ਜੀ ਵਿੱਚ ਪੜ੍ਹਦਾ ਸੀ। ਇੱਕ ਵਾਰ ਉਹ ਇੱਕ ਹਫਤੇ ਤੱਕ ਲਗਾਤਾਰ ਦੇਰ ਨਾਲ ਸਕੂਲ ਆਉਂਦਾ ਰਿਹਾ। ਇੱਕ ਦਿਨ ਉਸ ਨੂੰ ਰੋਕ ਕੇ ਮੈਡਮ ਨੇ ਪੁੱਛਿਆ, ''ਤੂੰ ਰੋਜ਼ ਸਕੂਲ ਲੇਟ ਕਿਉਂ ਆਉਂਦਾ ਹੈਂ?''

ਪੱਪੂ ਨੇ ਨਜ਼ਰਾਂ ਨੀਵੀਆਂ ਕਰ ਕੇ ਕਿਹਾ, ''ਮੈਡਮ!

ਤੁਸੀਂ ਮੇਰੀ ਜ਼ਿਆਦਾ ਚਿੰਤਾ ਨਾ ਕਰਿਆ ਕਰੋ, ਸਾਰੇ ਬੱਚੇ ਗਲਤ ਸਮਝਦੇ ਹਨ।''

*************

ਰਾਮ, ''ਯਾਰ, ਮੈਂ ਸੋਚ ਰਿਹਾ ਸੀ ਕਿ ਦੁਨੀਆ ਵਿੱਚ ਕਿੰਨੇ ਲੋਕ ਮੂਰਖ ਹੋਣਗੇ।''

ਸ਼ਾਮ, ''ਯਾਰ, ਹਰ ਵੇਲੇ ਆਪਣੇ ਬਾਰੇ ਨਾ ਸੋਚੀ ਜਾਇਆ ਕਰ, ਕਦੇ ਦੂਜਿਆਂ ਬਾਰੇ ਵੀ ਸੋਚਿਆ ਕਰ।''

*************

ਪਤਨੀ, ''ਸੁਣੋ ਜੀ ਅਖਬਾਰ 'ਚ ਖਬਰ ਹੈ ਕਿ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਵੇਚ ਦਿੱਤਾ?''

ਪਤੀ, ''ਅੱਛਾ! ਕਿੰਨੇ 'ਚ?''

ਪਤਨੀ, ''ਇਕ ਸਾਈਕਲ ਦੇ ਬਦਲੇ। ਕਿਤੇ ਤੂੰ ਵੀ ਤਾਂ ਅਜਿਹਾ ਨਹੀਂ ਕਰੇਂਗਾ?''

ਪਤੀ, ''ਮੈਂ ਇੰਨਾ ਮੂਰਖ ਥੋੜ੍ਹਾ ਹਾਂ, ਤੇਰੇ ਬਦਲੇ 'ਚ ਘੱਟੋ-ਘੱਟ ਸਕੂਟਰ ਤਾਂ ਆ ਹੀ ਸਕਦਾ ਹੈ..।''

*************

ਇਕ ਔਰਤ ਨੇ ਨਾਟਕ ਵਿੱਚ ਝਗੜਾਲੂ ਪਤਨੀ ਦੀ ਸਫਲ ਪੇਸ਼ਕਾਰੀ ਦਿੱਤੀ, ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।

ਨਾਟਕ ਤੋਂ ਬਾਅਦ ਇਕ ਪੱਤਰਕਾਰ ਨੇ ਉਸ ਨੂੰ ਪੁੱਛਿਆ, ''ਪਹਿਲੀ ਵਾਰ 'ਚ ਹੀ ਤੁਹਾਡੀ ਸਫਲ ਪੇਸ਼ਕਾਰੀ ਦਾ ਰਾਜ਼ ਕੀ ਹੈ?''

ਔਰਤ ਬੋਲੀ, ''ਇਸ ਵਿੱਚ ਕੋਈ ਖਾਸ ਗੱਲ ਨਹੀਂ। ਮੰਚ 'ਤੇ ਆਪਣੇ ਸਾਥੀ ਕਲਾਕਾਰ ਨਾਲ ਬੋਲਣ ਵੇਲੇ ਮੈਂ ਮਨ ਵਿੱਚ ਇਹੋ ਸੋਚ ਲਿਆ ਸੀ ਕਿ ਅਸਲ ਵਿੱਚ ਆਪਣੇ ਪਤੀ ਨਾਲ ਗੱਲ ਕਰ ਰਹੀ ਹਾਂ।''

*************

ਨਵਾਂ ਵਿਆਹਿਆ ਜੋੜਾ ਇਕ ਵਾਰ ਕਿਸੇ ਕੋਲ ਮਹਿਮਾਨ ਬਣ ਕੇ ਆਇਆ। ਦੋਵੇਂ ਪਤੀ-ਪਤਨੀ ਨੇ ਵਧ-ਚੜ੍ਹ ਕੇ ਉਨ੍ਹਾਂ ਦਾ ਸਵਾਗਤ ਕੀਤਾ। 4-5 ਦਿਨਾਂ ਬਾਅਦ ਉਹ ਚਲੇ ਗਏ।ਪਤਨੀ ਨੇ ਪਤੀ ਨੂੰ ਪੁੱਛਿਆ,

''ਕਿਉਂ ਜੀ, ਉਹ ਤੁਹਾਡੇ ਕਿਹੜੇ ਰਿਸ਼ਤੇਦਾਰ ਸਨ?'' ਇੰਨਾ ਸੁਣਦਿਆਂ ਹੀ ਪਤੀ ਬੇਹੋਸ਼ ਹੋ ਗਿਆ। ਹੋਸ਼ 'ਚ ਆਉਣ ਪਿੱਛੋਂ ਉਸ ਨੇ ਕਿਹਾ, ''ਮੈਂ ਤਾਂ ਸਮਝ ਰਿਹਾ ਸੀ ਕਿ ਉਹ ਤੇਰੇ ਰਿਸ਼ਤੇਦਾਰ ਹਨ।''

*************

ਮੁੰਡਾ ਕੁੜੀ ਨੂੰ ਤੰਗ ਕਰ ਰਿਹਾ ਸੀ।

ਕੁੜੀ, ''ਤੇਰੇ ਘਰ ਮਾਂ-ਭੈਣ ਨਹੀਂ ਹਨ?''

ਮੁੰਡਾ, ''ਮਾਂ-ਭੈਣ ਤਾਂ ਹਨ, ਬਸ ਤੇਰੀ ਕਮੀ ਹੈ।''

ਕੁੜੀ, ''ਤੈਨੂੰ ਮੇਰੀ ਕਮੀ ਮਹਿਸੂਸ ਹੋ ਰਹੀ ਹੈ?

ਇਹ ਗੱਲ ਜੇ ਮੇਰੇ ਪੰਜ ਭਰਾਵਾਂ ਨੂੰ ਪਤਾ ਲੱਗ ਗਈ ਤਾਂ ਤੇਰੇ ਘਰ ਵਾਲਿਆਂ ਨੂੰ ਤੇਰੀ ਕਮੀ ਮਹਿਸੂਸ ਹੋਵੇਗੀ।''

*************

ਬੇਟੇ ਸ਼ਿਆਮ ਲਾਲ ਦੇ ਰਿਪੋਰਟ ਕਾਰਡ 'ਤੇ ਉਸ ਦੇ ਪਿਤਾ ਰਾਮਲਾਲ ਨੇ ਹਸਤਾਖਰ ਕਰਨ ਦੀ ਬਜਾਏ ਅੰਗੂਠਾ ਲਾਇਆ ਤਾਂ ਸ਼ਿਆਮ ਲਾਲ ਨੇ ਕਿਹਾ, ''ਪਾਪਾ ਤੁਸੀਂ ਤਾਂ ਇੰਜੀਨੀਅਰ ਹੋ, ਫਿਰ ਅੰਗੂਠਾ ਕਿਉਂ ਲਾਇਆ?''

ਰਾਮਲਾਲ, ''ਇਸ ਲਈ ਕਿ ਤੇਰੇ ਨੰਬਰ ਦੇਖ ਕੇ ਤੇਰੇ ਮਾਸਟਰ ਨੂੰ ਇਹ ਪਤਾ ਨਾ ਲੱਗੇ ਕਿ ਨਾਲਾਇਕ ਦਾ ਬਾਪ ਪੜ੍ਹਿਆ ਲਿਖਿਆ ਹੈ।''

*************

ਪੱਪੂ, ''ਚਾਹ-ਪੱਤੀ ਅਤੇ ਪਤੀ ਵਿੱਚ ਇੱਕੋ ਜਿਹਾ ਕੀ ਹੈ?'' ਗੱਪੂ, ''ਨਹੀਂ ਪਤਾ, ਤੂੰ ਹੀ ਦੱਸ ਦੇ।''

ਪੱਪੂ, ''ਦੋਵਾਂ ਦੀ ਕਿਸਮਤ ਵਿੱਚ 'ਸੜਨਾ' ਅਤੇ 'ਉਬਲਣਾ' ਲਿਖਿਆ ਹੈ ਅਤੇ ਉਹ ਵੀ ਔਰਤਾਂ ਦੇ ਹੱਥੋਂ।''









# ਨਵੇਂ ਆਏ ਪ੍ਰਵਾਸੀ ਮਹਿੰਗਾਈ ਕਾਰਨ ਕੈਨੇਡਾ ਛੱਡਣ ਲਈ ਹੋ ਰਹੇ ਨੇ ਮਜਬੂਰ

ਟੋਰਾਂਟੋ - ਕੈਨੇਡਾ ‘ਚ ਬਿਹਤਰ ਭਵਿੱਖ ਤਲਾਸ਼ਣ ਗਏ ਪ੍ਰਵਾਸੀਆਂ ਨੂੰ ਉਥੋਂ ਦੀ ਰਹਿਣ-ਸਹਿਣ ਦੀ ਵਧ ਰਹੀ ਲਾਗਤ ਨੇ ਮੁਸ਼ਕਿਲਾਂ ‘ਚ ਪਾ ਦਿੱਤਾ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਈ ਨਵੇਂ ਆਏ ਪ੍ਰਵਾਸੀ ਮੁਲਕ ਛੱਡ ਰਹੇ ਹਨ। ਕੈਨੇਡਾ ‘ਚ ਵਧੇ ਹੋਏ ਕਿਰਾਏ ਤੇ ਮਕਾਨ ਬਣਾਉਣ ਲਈ ਲਏ ਕਰਜ਼ਿਆਂ ਦੀਆਂ ਵਿਆਜ ਦਰਾਂ ਵਧਣ ਕਾਰਨ ਉਨ੍ਹਾਂ ਨੂੰ ਗੁਜ਼ਰ-ਬਸਰ ਕਰਨ ਲਈ ਦੋ-ਚਾਰ ਹੋਣਾ ਪੈ ਰਿਹਾ ਹੈ, ਜਿਸ ਕਾਰਨ ਵੱਡੀ ਗਿਣਤੀ ਪ੍ਰਵਾਸੀਆਂ ਨੇ ਕੈਨੇਡਾ ਤੋਂ ਆਪਣੇ ਪਿਤਰੀ ਰਾਜਾਂ ਨੂੰ ਚਾਲੇ ਪਾ ਦਿੱਤੇ ਹਨ। ਟਰੂਡੋ ਸਰਕਾਰ ਨੇ ਆਪਣੀਆਂ ਨੀਤੀਆਂ ਕਾਰਨ ਚਿੰਤਾਜਨਕ ਹਾਲਾਤ ਪੈਦਾ ਕਰ ਲਏ ਹਨ। ਟਰੂਡੋ ਸਰਕਾਰ ਦੀਆਂ ਨੀਤੀਆਂ ਕਾਰਨ ਇੰਝ ਲੱਗਦਾ ਹੈ ਕਿ ਕੈਨੇਡਾ ਨੇ ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰਨ ‘ਚ ਆਪਣਾ ਆਕਰਸ਼ਣ ਗੁਆ ਦਿੱਤਾ ਹੈ। ਰਹਿਣ-ਸਹਿਣ ਦੀ ਵਧਦੀ ਲਾਗਤ ਅਤੇ ਕਿਰਾਏ ਦੇ ਵਿਕਲਪਾਂ ਦੀ ਘਾਟ ਕਾਰਨ ਰੀਵਰਸ ਮਾਈਗ੍ਰੇਸ਼ਨ ਸ਼ੁਰੂ ਹੋ ਰਹੀ ਹੈ, ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੀਆਂ ਕਮਜ਼ੋਰ ਨੀਤੀਆਂ ਨੂੰ ਦਰਸਾਉਂਦੀ ਹੈ।





ਅਧਿਕਾਰਤ ਅੰਕੜਿਆਂ ਅਨੁਸਾਰ 2023 ਦੇ ਪਹਿਲੇ ਛੇ ਮਹੀਨਿਆਂ ‘ਚ ਲਗਭਗ 42,000 ਲੋਕਾਂ ਨੇ ਕੈਨੇਡਾ ਛੱਡਿਆ, ਇਸ ਤੋਂ ਇਲਾਵਾ 2022 ਵਿੱਚ 93,818 ਲੋਕਾਂ ਨੇ ਕੈਨੇਡਾ ਛੱਡਿਆ ਅਤੇ 2021 ਵਿੱਚ 85,927 ਲੋਕਾਂ ਨੇ ਕੈਨੇਡਾ ਛੱਡ ਦਿੱਤਾ। ਇੱਕ ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪ, ਇੰਸਟੀਚਿਊਟ ਫਾਰ ਕੈਨੇਡੀਅਨ ਸਿਟੀਜ਼ਨਸ਼ਿਪ (ਆਈ.ਸੀ.ਸੀ.) ਦੀ ਇੱਕ ਤਾਜ਼ਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2019 ਵਿਚ ਦੇਸ਼ ਛੱਡਣ ਦੀ ਦਰ ਸਭ ਤੋਂ ਵੱਧ ਸੀ, ਜਦੋਂ ਇਹ ਦੋ ਦਹਾਕਿਆਂ ਦੇ ਉੱਚੇ ਪੱਧਰ ‘ਤੇ ਪਹੁੰਚ ਗਈ ਸੀ। ‘ਸਟੈਟਿਸਟਿਕਸ ਕੈਨੇਡਾ’ ਮੁਤਾਬਕ ਕੋਵਿਡ-19 ਤਾਲਾਬੰਦੀ ਦੌਰਾਨ ਸੰਖਿਆ ਘਟੀ ਸੀ ਪਰ ਇਸ ਰੁਝਾਨ ਨੇ ਇੱਕ ਵਾਰ ਫਿਰ ਰਫ਼ਤਾਰ ਫੜੀ ਹੈ। ਜਦੋਂਕਿ ਇਹ ਉਸੇ ਸਮੇਂ ਦੌਰਾਨ ਦੇਸ਼ ਵਿਚ ਆਏ 263,000 ਲੋਕਾਂ ਦਾ ਇੱਕ ਹਿੱਸਾ ਹੈ। ਦੇਸ਼ ਛੱਡਣ ਵਾਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਕੁਝ ਨਿਰੀਖਕਾਂ ਨੂੰ ਸੁਚੇਤ ਕਰ ਰਿਹਾ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਜੀਵਨ ਦੀ ਉੱਚ ਕੀਮਤ ਉਨ੍ਹਾਂ ਲਈ ਕੈਨੇਡਾ ਵਿਚ ਬਣੇ ਰਹਿਣਾ ਮੁਸ਼ਕਲ ਬਣਾ ਰਹੀ ਹੈ। ਕੈਨੇਡਾ ਦੀ ਜ਼ਿਆਦਾਤਰ ਆਬਾਦੀ ਵੱਡੀ ਉਮਰ ਦੀ ਹੈ ਅਤੇ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਪ੍ਰਵਾਸੀਆਂ ‘ਤੇ ਨਿਰਭਰ ਹੈ। ਰਹਿਣ-ਸਹਿਣ ਦੀ ਲਾਗਤ ‘ਚ ਵਾਧਾ ਅਤੇ ਹੋਰ ਖਰਚੇ ਜ਼ਿਆਦਾ ਹਨ, ਜੋ ਬਹੁਤ ਸਾਰੇ ਲੋਕਾਂ ਨੂੰ ਕੈਨੇਡਾ ਵਿਚ ਸਥਾਈ ਨਿਵਾਸ ਲੈਣ ਤੋਂ ਦੂਰ ਕਰ ਰਿਹਾ ਹੈ।

# ਗਾਜ਼ਾ ਵਿੱਚ ਜੰਗਬੰਦੀ ਦੇ ਹੱਕ ਵਿੱਚ ਨਿੱਤਰੇ ਟਰੂਡੋ



ਓਟਵਾ: ਇਜ਼ਰਾਈਲ ਤੇ ਹਮਸ ਦਰਮਿਆਨ ਫੌਰੀ ਮਨੁੱਖਤਾਵਾਦੀ ਜੰਗਬੰਦੀ ਕਰਵਾਉਣ ਲਈ ਸੰਯੁਕਤ ਰਾਸ਼ਟਰ ਵਿੱਚ ਪੇਸ਼ ਕੀਤੇ ਜਾਣ ਵਾਲੇ ਗੈਰ-ਬੰਧਨਕਾਰੀ ਮਤੇ ਦੇ ਹੱਕ ਵਿੱਚ ਕੈਨੇਡਾ ਨੇ ਵੋਟ ਪਾਉਣ ਦਾ ਫੈਸਲਾ ਕੀਤਾ ਹੈ। ਇਸ ਦੀ ਪੁਸ਼ਟੀ ਫੈਡਰਲ ਸਰਕਾਰ ਦੇ ਸੂਤਰ ਵੱਲੋਂ ਕੀਤੀ ਗਈ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇਸ ਸਰਕਾਰੀ ਸੂਤਰ ਨੇ ਇਹ ਜਾਣਕਾਰੀ ਦਿੱਤੀ। ਅਜੇ ਤੱਕ ਇਸ ਮਾਮਲੇ ਨੂੰ ਜਨਤਕ ਨਹੀਂ ਕੀਤਾ ਗਿਆ ਹੈ। ਪਾਰਲੀਆਮੈਂਟ ਹਿੱਲ ਉੱਤੇ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਜ਼ਰੂਰ ਕੀਤੀ ਪਰ ਇਸ ਮਤੇ ਉੱਤੇ ਚਾਨਣਾ ਨਹੀਂ ਪਾਇਆ। ਮੰਗਲਵਾਰ ਨੂੰ ਯੂਐਨ ਦੀ ਜਨਰਲ ਅਸੈਂਬਲੀ ਦੌਰਾਨ ਪੇਸ਼ ਕੀਤੇ ਜਾਣ ਵਾਲੇ ਮਤੇ ਉੱਤੇ ਕੈਨੇਡਾ ਦੀ ਸਥਿਤੀ ਵਿੱਚ ਆਈ ਤਬਦੀਲੀ ਤੋਂ ਇਜ਼ਰਾਈਲ ਹੈਰਾਨ ਹੈ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਵਿੱਚ ਕਈ ਵੱਡੇ ਮਤਿਆਂ ਉੱਤੇ ਕੈਨੇਡਾ ਹਮੇਸ਼ਾਂ ਇਜ਼ਰਾਈਲ ਦਾ ਸਾਥ ਦਿੰਦਾ ਆਇਆ ਹੈ। ਇੱਕ ਸਾਂਝੇ ਬਿਆਨ ਵਿੱਚ ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀਆਂ ਨੇ ਇਜ਼ਰਾਈਲ ਤੇ ਹਮਸ ਦਰਮਿਆਨ ਜੰਗਬੰਦੀ ਕਰਵਾਉਣ ਦੀ ਮੰਗ ਕੀਤੀ।

# ਮੋਦੀ ਸ਼ਾਸਨ ਵਿਚ ਕਸ਼ਮੀਰ ਦੇ ਭਾਰਤੀਕਰਨ ਦੀਆਂ ਕੋਸ਼ਿਸ਼ਾਂ

ਸ੍ਰੀਨਗਰ: ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦਾ ਭਾਰਤੀਕਰਨ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖਦਿਆਂ ਬਾਰਾਮੂਲਾ ਵਿੱਚ ਇੱਕ ਸਟੇਡੀਅਮ ਦਾ ਨਾਂ ਬਦਲ ਕੇ ਭਾਰਤੀ ਫ਼ੌਜ ਦੇ ਇੱਕ ਜਨਰਲ ਦੇ ਨਾਂਅ ‘ਤੇ ਰੱਖਿਆ ਹੈ। ਜਿਸਦੀ ਕਸ਼ਮੀਰੀ ਲੋਕ ਅਲੋਚਨਾ ਕਰ ਰਹੇ ਹਨ।

ਅਧਿਕਾਰੀਆਂ ਜੇਹਲਮ ਸਟੇਡੀਅਮ ਦਾ ਨਾਮ ਸਾਬਕਾ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਦੇ ਨਾਮ ‘ਤੇ ਰੱਖਣ ਦੀ ਮਨਜ਼ੂਰੀ ਦਿੱਤੀ। ਹੁਰੀਅਤ ਆਗੂਆ ਦਾ ਕਹਿਣਾ ਹੈ ਕਿ ਜਨਰਲ ਬਿਪਿਨ ਰਾਵਤ, ਜੋ ਕਿ ਆਰਐਸਐਸ ਦੀ ਹਿੰਦੂਤਵ ਵਿਚਾਰਧਾਰਾ ਤੋਂ ਪ੍ਰੇਰਿਤ ਸੀ, ਨੇ ਕਸ਼ਮੀਰ ਦੀ ਆਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਭਾਰਤੀ ਸੈਨਾ ਮੁਖੀ ਅਤੇ ਬਾਅਦ ਵਿੱਚ ਚੀਫ਼ ਆਫ਼ ਡਿਫੈਂਸ ਸਟਾਫ ਵਜੋਂ ਆਪਣੇ ਕਾਰਜਕਾਲ ਦੌਰਾਨ ਨਿਰਦੋਸ਼ ਕਸ਼ਮੀਰੀਆਂ ਦੇ ਕਤਲੇਆਮ ਨੂੰ ਤੇਜ਼ ਕੀਤਾ। ਜਨਰਲ ਰਾਵਤ, ਉਸਦੀ ਪਤਨੀ ਅਤੇ 11 ਹੋਰ ਲੋਕ 2021 ਵਿੱਚ ਅੱਜ ਦੇ ਦਿਨ (08 ਦਸੰਬਰ) ਨੂੰ ਦੱਖਣੀ ਰਾਜ ਤਾਮਿਲਨਾਡੂ ਵਿੱਚ ਇੱਕ ਫੌਜੀ ਹੈਲੀਕਾਪਟਰ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਮਾਰੇ ਗਏ ਸਨ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਕਸ਼ਮੀਰ ‘ਚ ਹਮਲਿਆਂ ‘ਚ ਮਾਰੇ ਗਏ ਭਾਰਤੀ ਅਹਿਮ ਸ਼ਖਸੀਅਤਾਂ ਦੇ ਨਾਲ-ਨਾਲ ਫੌਜ ਅਤੇ ਪੁਲਸ ਦੇ ਜਵਾਨਾਂ ਦੇ ਨਾਂ ‘ਤੇ ਇਮਾਰਤਾਂ, ਸੜਕਾਂ ਅਤੇ ਥਾਵਾਂ ਦਾ ਨਾਂ ਬਦਲ ਰਹੀ ਹੈ। ਇਸ ਕਦਮ ਦਾ ਉਦੇਸ਼ ਇਲਾਕੇ ਤੋਂ ਮੁਸਲਿਮ ਲੋਕਾਂ ਦੇ ਨਿਸ਼ਾਨਾਂ ਨੂੰ ਮਿਟਾਉਣਾ ਹੈ।



# ਧਾਰਾ 370 ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਇਤਿਹਾਸਕ:ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਹੈ ਕਿ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰਨ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਇਤਿਹਾਸਕ ਹੈ। ਇਹ 5 ਅਗਸਤ 2019 ਦੇ ਸੰਸਦ ਦੇ ਫੈਸਲੇ ਨੂੰ ਸੰਵਿਧਾਨਕ ਤੌਰ ‘ਤੇ ਬਰਕਰਾਰ ਰੱਖਣ ਵਾਲਾ ਹੈ। ਜੰਮੂ ਕਸ਼ਮੀਰ ਅਤੇ ਲੱਦਾਖ ਦੇ ਲੋਕਾਂ ਨੂੰ ਭਰੋਸਾ ਦਿੰਦਾ ਹਾਂ ਕਿ ਉਨ੍ਹਾਂ ਦੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਸਰਕਾਰ ਵਚਨਬੱਧ ਹੈ। ਇਹ ਫ਼ੈਸਲਾ ਜੰਮੂ ਕਸ਼ਮੀਰ ਅਤੇ ਲੱਦਾਖ ਵਿੱਚ ਸਾਡੀਆਂ ਭੈਣਾਂ ਅਤੇ ਭਰਾਵਾਂ ਲਈ ਉਮੀਦ, ਤਰੱਕੀ ਤੇ ਏਕਤਾ ਦਾ ਸ਼ਾਨਦਾਰ ਐਲਾਨ ਹੈ।

# ਧਾਰਾ 370 ਖਤਮ ਕਰਨ ਬਾਅਦ ਗਰੀਬਾਂ ਤੇ ਵਾਂਝੇ ਲੋਕਾਂ ਦੇ ਅਧਿਕਾਰ ਬਹਾਲ ਹੋਏ:ਸ਼ਾਹ

ਨਵੀਂ ਦਿੱਲੀ;-ਕੇਂਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਜੰਮੂ ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਗਰੀਬਾਂ ਅਤੇ ਵਾਂਝੇ ਲੋਕਾਂ ਦੇ ਅਧਿਕਾਰ ਬਹਾਲ ਕੀਤੇ ਗਏ। ਵੱਖਵਾਦ, ਪੱਥਰਬਾਜ਼ੀ ਦੀਆਂ ਘਟਨਾਵਾਂ ਅਤੀਤ ਦਾ ਹਿੱਸਾ ਬਣ ਗਈਆਂ ਹਨ। ਧਾਰਾ 370 ਹਟਾਉਣ ਬਾਅਦ ਏਕਤਾ ਮਜ਼ਬੂਤ ਹੋਈ ਤੇ ਭਾਰਤ ਨਾਲ ਜੰਮੂ-ਕਸ਼ਮੀਰ ਦੀ ਅਖੰਡਤਾ ਮਜ਼ਬੂਤ ਹੋਈ। ਸ਼ਾਹ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਜੰਮੂ ਕਸ਼ਮੀਰ ਤੇ ਲੱਦਾਖ ਭਾਰਤ ਹਿੱਸਾ ਸਨ ਤੇ ਰਹਿਣਗੇ।


**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ। ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਇਹ ਕਾਫਲੇ

ਭੁੱਖ ਅਤੇ ਭਵਿੱਖ ਦੇ, ਦੈਂਤਾਂ ਤੋਂ ਘਬਰਾਉਂਦੇ ਹੋਏ,
ਬੇ ਗਿਣਤ ਵਹੀਰਾਂ ਘੱਤ ਕੇ, ਚੱਲ ਰਹੇ ਇਹ ਕਾਫਲੇ।

ਮਾਂ ਬੋਲੀ ਅਤੇ ਮਾਂ ਮਿੱਟੀ, ਨੂੰ ਬੇਦਾਵੇ ਦੇਂਦੇ ਹੋਏ,
ਵਿਰਸੇ ਨੂੰ ਮੂਲੋਂ ਤੱਜਦੇ ਹੋਏ, ਵੱਧ ਰਹੇ ਇਹ ਕਾਫਲੇ।

ਅਣਜਾਣੀਆਂ ਧਰਤੀਆਂ 'ਤੇ, ਨਵੀਆਂ ਪੈੜਾਂ ਪਾਉਣ ਲਈ,
ਪੁਰਾਣੀਆਂ ਪੈੜਾਂ ਖੁਦ ਹੀ, ਮਿਟਾ ਰਹੇ ਇਹ ਕਾਫਲੇ।

ਤਿਤਰ ਬਿਤਰ ਹੋ ਜਾਣਗੇ, ਇਹ ਖੱਬਲ਼ ਦੀ ਤਰ੍ਹਾਂ ਕਦੀ,
ਜੜ੍ਹਾਂ ਕਿਸੇ ਅਣਜਾਣ ਧਰਤੀ, ਲਾ ਰਹੇ ਇਹ ਕਾਫਲੇ।

ਸਰਮਾਏਦਾਰੀ ਦੇ ਪੈਰਾਂ ਵਿੱਚ, ਗਿੜਗਿੜਾ ਕੇ ਜਿਉਣ ਲਈ,
ਸਿਰ ਧੜ ਦੀਆਂ ਬਾਜ਼ੀਆਂ, ਲਾ ਰਹੇ ਇਹ ਕਾਫਲੇ।

ਪੂਰਵਜਾਂ ਨੂੰ ਭੁੱਲ ਕੇ, 'ਤੇ ਪਛਾਣਾਂ ਗਵਾਉਂਦੇ ਹੋਏ,
ਭੂ ਹੇਰਵੇ ਦੇ ਸੋਗੀ ਗੀਤ, ਗਾਉਂਦੇ ਹੋਏ ਇਹ ਕਾਫਲੇ।

ਅੱਧੀ ਛੱਡ ਸਾਰੀ ਵਾਲ਼ੀ, ਤਾਂਘ ਵਾਲ਼ੇ ਪਾਂਧੀ ਐਸੇ,
ਹੱਥੋਂ ਆਪਣੀ ਅੱਧੀ ਵੀ, ਗਵਾਉਣਗੇ ਇਹ ਕਾਫਲੇ।

ਪਲਟੇ ਹੋਏ ਦੌਰਾਂ ਵਿੱਚ, ਜ਼ਮੀਰਾਂ ਹਲੂਣੇ ਖਾਣਗੀਆਂ,
ਖੁੱਸੇ ਹੋਏ ਇਸਰਾਈਲਾਂ ਨੂੰ, ਮੁੜ ਆਉਣਗੇ ਇਹ ਕਾਫਲੇ।

ਕਾਬਜ਼ ਫਿਲਸਤੀਨੀਆਂ ਤੋਂ, ਜੰਮਣ ਭੋਂ ਛੁਡਾਉਣ ਲਈ,
ਸੋਨੇ ਦੀਆਂ ਮੋਹਰਾਂ ਵੀ, ਵਿਛਾਉਣਗੇ ਇਹ ਕਾਫਲੇ।



ਖੂਨ ਨੂੰ ਬਚਾਉਣ ਲਈ, ਖੂਨ
ਡੁੱਲ੍ਹੇਗਾ ਵਾਰ ਵਾਰ,
ਆਪਣੇ ਹੀ ਖੂਨ ਵਿੱਚ,
ਨਹਾਉਣਗੇ ਇਹ ਕਾਫਲੇ।

ਇਸਰਾਈਲਾਂ ਤੋਂ ਫਿਲਸਤੀਨ, 'ਤੇ
ਫਿਲਸਤੀਨਾਂ ਤੋਂ ਇਸਰਾਈਲ,
ਵਾਰ ਵਾਰ ਢਾਉਣਗੇ 'ਤੇ, ਬਣਾਉਣਗੇ ਇਹ ਕਾਫਲੇ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਪਿਆਰ ਬੀਜੋ

**ਜੋਧ ਸਿੰਘ ਮੋਗਾ**

ਨਫ਼ਰਤਾਂ ਦੇ ਬੀਜ ਬੀਜੋਗੇ, ਬੜਾ ਪਛਤਾਉਗੇ,
ਜ਼ਖ਼ਮ ਪੀੜਾ ਸਹੋਗੇ ਤੇ ਦੁੱਖ ਹੰਢਾਉਗੇ।
ਪਿਆਰ ਬੀਜੋ ਹੈ ਮੇਰੀ ਛੋਟੀ ਸਲਾਹ,
ਖ਼ੁਸ਼ੀਆਂ ਦੀ ਮਿੱਠੀ ਮਹਿਕ ਭਰ, ਜੰਨਤ ਵਸਾਉਗੇ।
ਕੰਡਿਆਂ ਭਰੀ ਨਫ਼ਰਤ ’ਤੇ, ਦਾਤੀ ਚਲਾਉਣਾ ਸਿੱਖ ਲਵੋ,
ਫੁੱਲਾਂ ਭਰੀ ਗੁਲਜ਼ਾਰ ਨੂੰ ਤਾਂ ਹੀ ਬਚਾਉਗੇ।
ਪਿਆਰੇ ਦੁਲਾਰੇ ਦਿਸਣਗੇ, ਦੁਸ਼ਮਣ ਰਕੀਬ,
ਪਿਆਰ ਦਾ ਸ਼ੱਫ਼ਾਫ਼ ਚਸ਼ਮਾ, ਜਦੋਂ ਅੱਖਾਂ ’ਤੇ ਲਾਉਗੇ।
ਹਿਟਲਰਾਂ, ਹੱਲਾਕੂਆਂ ਨੂੰ ਵੀ ਯਾਦ ਕਰ ਲੈਂਦੇ ਨੇ ਲੋਕ,
ਪਰ ਕਿਸ ਤਰ੍ਹਾਂ? ਸੋਚੋ, ਵਿਚਾਰੋ, ਜਾਣ ਜਾਉਗੇ।
ਬੁੱਧ, ਨਾਨਕ ਤੇ ਟਰੇਸਾ, ਨੇ ਜੋ ਦਿੱਤਾ ਸਬਕ ਸੀ,
ਭੁੱਲ ਗਿਆ ਹੈ, ਕਰੋ ਚੇਤੇ,
ਤਾਂ ਹੀ ਜੱਗ ਬਦਲਾਉਗੇ।
ਪਿਆਰ ਤਕੜਾ ਹੈ ਕਿ ਨਫ਼ਰਤ,
ਕੁਸ਼ਤੀ ਕਰਾ ਕੇ ਦੇਖ ਲੋ,
ਨਫ਼ਰਤ ਨਸ਼ੀਲੀ ਢਹਿ ਜਾਊ, ਪਿਆਰ ਜੇਤੂ ਪਾਉਗੇ।
ਅਬੁਬਿਨ ਅਦਮ ਦੀ ਕਹਾਣੀ
ਮਨ ਵਸਾ ਕੇ ਰੱਖ ਲਵੋ,
ਰੱਬ ਦੀ ਦਰਗਾਹ ’ਚ ਤਾਂ ਹੀ ਮਾਣ ਇੱਜ਼ਤ ਪਾਉਗੇ।

## ਧਰਤ

**ਭੁਪਿੰਦਰ ਫ਼ੌਜੀ**

ਮੁਹੱਬਤ ਦਾ ਪਾਣੀ ਲਾਈਏ,
ਚਿਰਾਂ ਤੋਂ ਧਰਤ ਪਈ ਬੰਜਰ ਨੂੰ।
ਮੈਂ ਜਾ ਆਇਆ ਹਾਂ ਮਸਜਿਦ,
ਤੂੰ ਵੀ ਹੋ ਆ ਮੰਦਰ ਨੂੰ।
ਉਹ ਤਾਂ ਲਾਂਬੂ ਲਾਉਂਦੇ ਰਹੇ,
ਸਦੀਆਂ ਤੋਂ ਨੇ ਇੱਥੇ,
ਧਰਮਾਂ ਦੇ ਨਾਂ ’ਤੇ ਨਫ਼ਰਤ,
ਬਹੁਤ ਸਹਿ ਲਿਆ ਇਸ ਮੰਜ਼ਰ ਨੂੰ।
ਲਹੂ ਵਹਿ ਤੁਰਦਾ ਅੱਜ ਵੀ,
ਅੱਖਾਂ ਵਿੱਚੋਂ ਜਦ ਦੇਖਾਂ,
ਉੱਜੜੇ ਘਰ ਲਟਕਣ ਤਾਲੇ,
ਹੋਈ ਹਵੇਲੀ ਖੰਡਰ ਨੂੰ।
ਜਾਤਾਂ ਦੇ ਨਾਂ ਉਨ੍ਹਾਂ,
ਗੁਰਦੁਆਰੇ ਮਸਜਿਦ ਮੰਦਰ ਬਣਾ ਦਿੱਤੇ,
ਮੂੰਹ ’ਚ ਵਾਹਿਗੁਰੂ ਅੱਲ੍ਹਾ ਰਾਮ,
ਕੱਛ ’ਚ ਲਈ ਫਿਰਦੇ ਖੰਜਰ ਨੂੰ।
ਚੱਲੋ ਰਲ-ਮਿਲ ਇੱਥੇ,
ਮੁਹੱਬਤਾਂ ਦੇ ਅੱਜ ਫੁੱਲ ਉਗਾਈਏ,
ਵੰਡ ਲਈ ਬਹੁਤੀ ਧਰਤੀ ਆਪਾਂ,
ਨਾ ਵੰਡੀਏ ਹੁਣ ਅੰਬਰ ਨੂੰ।
ਜਾਤ-ਪਾਤ ਨਸਲ ਧਰਮਾਂ ਦੇ,
ਵਿਤਕਰੇ ਹੁਣ ਮਿਟਾ ਦੇਈਏ,
ਇਕੱਠੇ ਬੈਠ ਛਕੀਏ ‘ਫ਼ੌਜੀ’,
ਨਾਨਕ ਦੇ ਉਸ ਲੰਗਰ ਨੂੰ।



GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ



Amarjit Singh Garcha
604-306-3276
Big Or Small, We Do It All



SINGH THIND & ASSOCIATES
#208, 7110 120 Street, Surrey, BC

“ਆਪਣੇ ਭਾਈਚਾਰੇ ਦਾ ਮਾਣ”


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND
& ASSOCIATES
BARRISTERS & SOLICITORS

# FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1550
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO
CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)


.Ck Auto.
CK AUTO SERVICES LTD.
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
NEW
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
Clearance Sale
*Limited Quantity
On All Seasons & Winter Tires
(Auplus & Comforser)
215/70R16
COMFORSER
Reg: $155.00
Now : $70.00
235/65R17
COMFORSER
Reg: $220.00
Now : $95.00
245/65R17
COMFORSER
Reg: $240.00
Now : $100.00
215/70R15
GOOD YEAR INTEGRITY
Reg: $120.00
Now : $90.00
SALE
Comforser
Size: 205/60/16
Reg Price: $110
Sale Price : $55
Auplus
Size: 205/60/16
Reg Price: $125
Sale Price : $65
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667 #106-13112-84th Ave.,Surrey